Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20*Issue 166 | Tuesday, August 24, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਜਿੰਨਾ ਚਿਰ ਸੁਰੱਖਿਅਤ ਹੋਵੇਗਾ ਲੋਕਾਂ ਨੂੰ ਅਫਗਾਨਿਸਤਾਨ ਤੋਂ ਬਾਹਰ ਕੱਢਣ ਦੀ ਕੋਸ਼ਿਸ਼ ਕਰਾਂਗੇ : ਸੱਜਣ

ਓਟਵਾ, 23 ਅਗਸਤ (ਪੋਸਟ ਬਿਊਰੋ) : ਰੱਖਿਆ ਮੰਤਰੀ ਹਰਜੀਤ ਸੱਜਣ ਨੇ ਇੱਕ ਨਿਊਜ਼ ਕਾਨਫਰੰਸ ਵਿੱਚ ਆਖਿਆ ਕਿ ਕੈਨੇਡਾ ਅਫਗਾਨਿਸਤਾਨ ਤੋਂ ਲੋਕਾਂ ਨੂੰ ਬਾਹਰ ਕੱਢਣ ਲਈ ਕੋਸ਼ਿਸ਼ਾਂ ਓਨੀ ਦੇਰ ਹੀ ਜਾਰੀ ਰੱਖੇਗਾ ਜਿੰਨਾਂ ਚਿਰ ਅਜਿਹਾ ਕਰਨਾ ਸੁਰੱਖਿਅਤ ਹੋਵੇਗਾ।

ਜ਼ਿਕਰਯੋਗ ਹੈ ਕਿ ਕੈਨੇਡਾ ਅਫਗਾਨਿਸਤਾਨ ਤੋਂ 1100 ਤੋਂ ਵੀ ਵੱਧ ਲੋਕਾਂ ਨੂੰ ਬਾਹਰ ਕੱਢ ਚੁੱਕਿਆ ਹੈ, ਇਨ੍ਹਾਂ ਵਿੱਚ ਕੈਨੇਡੀਅਨ ਨਾਗਰਿਕ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਨਾਲ ਨਾਲ ਅਫਗਾਨੀ ਨਾਗਰਿਕ ਵੀ ਸ਼ਾਮਲ ਹਨ। ਅਧਿਕਾਰੀਆਂ ਨੇ ਦੱਸਿਆ ਕਿ ਅਫਗਾਨੀ ਨਾਗਰਿਕਾਂ ਨੂੰ ਓਟਵਾ ਵੱਲੋਂ ਆਪਣੀ ਮਦਦ ਬਦਲੇ ਕੈਨੇਡਾ ਵਿੱਚ ਮੁੜ ਵਸਾਉਣ ਦਾ ਵਾਅਦਾ ਕੀਤਾ ਗਿਆ ਸੀ। ਸੱਜਣ ਨੇ ਆਖਿਆ ਕਿ ਕਾਬੁਲ ਵਿੱਚ ਹਾਲਾਤ ਬੜੀ ਤੇਜ਼ੀ ਨਾਲ ਬਦਲ ਰਹੇ ਹਨ ਪਰ ਕੈਨੇਡੀਅਨ ਕਰਮਚਾਰੀ ਵੀ ਜੋ ਕੁੱਝ ਉਨ੍ਹਾਂ ਦੇ ਵੱਸ ਵਿੱਚ ਹੈ ਉਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।



ਉਨ੍ਹਾਂ ਆਖਿਆ ਕਿ ਸਾਡੀਆਂ ਫੌਜੀ ਟੁਕੜੀਆਂ ਨੂੰ ਕਾਬੁਲ ਦੇ ਏਅਰਪੋਰਟ ਦੁਆਲੇ ਬਣੀ ਹਿੰਸਕ ਤੇ ਭੀੜ ਭਾੜ ਵਾਲੀ ਸਥਿਤੀ ਕਾਰਨ ਕਾਫੀ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਮੌਕੇ ਸੱਜਣ ਨਾਲ ਇਮੀਗ੍ਰੇਸ਼ਨ ਮੰਤਰੀ ਮਾਰਕੋ ਮੈਂਡੀਸਿਨੋ, ਵਿਦੇਸ਼ ਮੰਤਰੀ ਮਾਰਕ ਗਾਰਨਿਊ, ਵੂਮਨ ਤੇ ਜੈਂਡਰ ਇਕੁਆਲਿਟੀ ਮੰਤਰੀ ਮਰੀਅਮ ਮੁਨਸਫ ਵੀ ਹਾਜ਼ਰ ਸਨ। ਗਾਰਨਿਊ ਨੇ ਆਖਿਆ ਕਿ ਕਾਬੁਲ ਤੋਂ ਬਾਹਰ ਆ ਰਹੀਆਂ ਖਬਰਾਂ ਕਾਫੀ ਹੌਲਨਾਕ ਹਨ। ਲੋਕ ਡਰੇ ਹੋਏ ਹਨ। ਉਨ੍ਹਾਂ ਦੀਆਂ ਜ਼ਿੰਦਗੀਆਂ ਦਾਅ ਉੱਤੇ ਲੱਗੀਆਂ ਹੋਈਆਂ ਹਨ ਤੇ ਉਹ ਉੱਥੋਂ ਨਿਕਲਣ ਲਈ ਹਰ ਹੀਲਾ ਵਸੀਲਾ ਵਰਤ ਰਹੇ ਹਨ।

ਮੈਂਡੀਸਿਨੋ ਨੇ ਆਖਿਆ ਕਿ ਕੈਨੇਡੀਅਨ ਫੌਜੀ ਟੁਕੜੀਆਂ ਨੂੰ ਹਾਲਾਤ ਮੁਤਾਬਕ ਕਿਸੇ ਵੀ ਤਰ੍ਹਾਂ ਦਾ ਫੈਸਲਾ ਲੈਣ ਦੀ ਪੂਰੀ ਖੁੱਲ੍ਹ ਹੈ। ਅਸੀਂ ਫਿਰ ਵੀ ਫੂਕ ਫੂਕ ਕੇ ਪੈਰ ਰੱਖ ਰਹੇ ਹਾਂ। ਪਾਰਲੀਆਮੈਂਟ ਵਿੱਚ ਚੁਣੀ ਗਈ ਅਫਗਾਨੀ ਮੂਲ ਦੀ ਪਹਿਲੀ ਕੈਨੇਡੀਅਨ ਮਰੀਅਮ ਮੁਨਸਫ ਨੇ ਆਖਿਆ ਕਿ ਕਾਬੁਲ ਵਿਚਲੇ ਇਸ ਘੜਮੱਸ ਨੇ ਪੁਰਾਣੀਆਂ ਯਾਦਾਂ ਤਾਜ਼ਾ ਕਰ ਦਿੱਤੀਆਂ। ਉਨ੍ਹਾਂ ਆਖਿਆ ਕਿ ਉਹ ਆਪਣੇ ਕੈਨੇਡਾ ਵਿਚਲੇ ਸਹਿਯੋਗੀਆਂ ਦੀ ਮਦਦ ਨਾਲ ਇੱਥੇ ਤੇ ਦੁਨੀਆ ਭਰ ਵਿੱਚ ਅਫਗਾਨੀ ਮਹਿਲਾਵਾਂ, ਲੜਕੀਆਂ ਤੇ ਘੱਟ ਗਿਣਤੀਆਂ ਦੀ ਆਵਾਜ਼ ਪਹੁੰਚਾਉਣ ਦੀ ਕੋਸ਼ਿਸ਼ ਕਰੇਗੀ। ਉਨ੍ਹਾਂ ਆਖਿਆ ਕਿ ਇਹ ਤਾਲਿਬਾਨ ਵੀ 20 ਸਾਲ ਪੁਰਾਣੇ ਤਾਲਿਬਾਨ ਵਰਗਾ ਹੀ ਹੈ। ਇਸ ਲਈ ਜਲਦ ਤੋਂ ਜਲਦ ਲੋਕਾਂ ਨੂੰ ਉੱਥੋਂ ਸੁਰੱਖਿਅਤ ਕੱਢਣਾ ਬੇਹੱਦ ਜ਼ਰੂਰੀ ਹੈ।

## ਹੈਮਿਲਟਨ ਨਾਈਟ ਕਲੱਬ ਨਾਲ ਜੁੜੇ 24 ਮਾਮਲੇ ਆਏ ਸਾਹਮਣੇ

ਹੈਮਿਲਟਨ, 23 ਅਗਸਤ (ਪੋਸਟ ਬਿਊਰੋ) : ਹੈਮਿਲਟਨ ਪਬਲਿਕ ਹੈਲਥ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਸਿਟੀ ਦੇ ਬਾਰ ਡਿਸਟ੍ਰਿਕਟ ਨਾਲ ਸਬੰਧਤ ਮਸ਼ਹੂਰ ਨਾਈਟ ਕਲੱਬ ਨਾਲ ਜੁੜੇ ਕੋਵਿਡ-19 ਦੇ 24 ਮਾਮਲੇ ਸਾਹਮਣੇ ਆਏ ਹਨ। ...ਬਾਕੀ ਪੰਨਾ 5 'ਤੇ

## ਫਾਈਜ਼ਰ ਦੀ ਕੋਵਿਡ-19 ਵੈਕਸੀਨ ਨੂੰ ਅਮਰੀਕਾ ਨੇ ਦਿੱਤੀ ਪੂਰੀ ਮਾਨਤਾ

ਵੈਨਕੂਵਰ, 23 ਅਗਸਤ (ਪੋਸਟ ਬਿਊਰੋ) : ਫਾਈਜ਼ਰ-ਬਾਇਓਐਨਟੈਕ ਦੀ ਕੋਵਿਡ-19 ਵੈਕਸੀਨ ਨੂੰ ਯੂਐਸ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਤੋਂ ਪੂਰੀ ਤਰ੍ਹਾਂ ਮਨਜ਼ੂਰੀ ਹਾਸਲ ਹੋ ਗਈ ਹੈ।

ਐਫਡੀਏ ਦੇ ਕਾਰਜਕਾਰੀ ਕਮਿਸ਼ਨਰ ਜੈਨੇਟ ਵੁੱਡਕੌਕ, ਐਮਡੀ ਨੇ ਆਖਿਆ ਕਿ ਇਸ ਵੈਕਸੀਨ ਨੂੰ ਐਫਡੀਏ ਦੀ ਮਨਜ਼ੂਰੀ ਮਿਲਣਾ ਮੀਲ ਦਾ ਪੱਥਰ ਹੈ ਤੇ ਇਸ ਨਾਲ ਸਾਨੂੰ ਕੋਵਿਡ-19 ਖਿਲਾਫ ਸੰਘਰਸ਼ ਜਾਰੀ ਰੱਖਣ ਦਾ ਹੌਸਲਾ ਮਿਲਿਆ ਹੈ। ਉਨ੍ਹਾਂ ਆਖਿਆ ਕਿ ਇਹ ਵੈਕਸੀਨ ਤੇ ਹੋਰ ਵੈਕਸੀਨਜ਼ ਵੱਲੋਂ ਭਾਂਵੇਂ ਐਫਡੀਏ ਦੀਆਂ ਸਖ਼ਤ, ਸਾਇੰਟਿਫਿਕ ਸ਼ਰਤਾਂ ਤੇ ਮਾਪਦੰਡਾਂ ਨੂੰ ਪੂਰਾ ਕੀਤਾ ਗਿਆ ਹੈ ਪਰ



ਕੋਵਿਡ-19 ਦੀ ਮਨਜ਼ੂਰਸ਼ੁਦਾ ਵੈਕਸੀਨ ਬਣਨ ਨਾਲ ਇਹ ਯਕੀਨੀ ਹੋ ਗਿਆ ਹੈ ਕਿ ਇਹ ਵੈਕਸੀਨ ਸੇਫਟੀ, ਪ੍ਰਭਾਵਸ਼ੀਲਤਾ ਤੇ ਉਤਪਾਦਨ ਦੇ ਸਾਰੇ ਮਿਆਰਾਂ ਨੂੰ ਪੂਰਾ ਕਰਨ ਵਿੱਚ ਖਰੀ ਉਤਰੀ ਹੈ।

ਫਾਈਜ਼ਰ ਦੀ ਦਸੰਬਰ ਵਿੱਚ ਐਮਰਜੰਸੀ ਵਰਤੋਂ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਇਸ ਦੀਆਂ 200 ਮਿਲੀਅਨ ਤੋਂ ਵੀ ਵੱਧ ਡੋਜ਼ਾਂ ਅਮਰੀਕਾ ਵਿੱਚ ਪਹਿਲਾਂ ਹੀ ਲਾਈਆਂ ਜਾ ਚੁੱਕੀਆਂ ਹਨ ਤੇ ਇਸ ਤੋਂ ਇਲਾਵਾ ਸੈਂਕੜੇ ਮਿਲੀਅਨ ਡੋਜ਼ਾਂ ਦੁਨੀਆਂ ਭਰ ਵਿੱਚ ਲਾਈਆਂ ਜਾ ਚੁੱਕੀਆਂ ਹਨ। ਪਿਛਲੇ ਸਾਲ ਦਸੰਬਰ ਤੋਂ ਲੈ ਕੇ ਹੁਣ ਤੱਕ ਇਹ ਅਮਰੀਕਾ ਵਿੱਚ 16 ਸਾਲ ਤੇ ਇਸ ਤੋਂ ਵੱਧ ਉਮਰ ਦੇ ਸਾਰੇ ਲੋਕਾਂ ਨੂੰ ਉਪਲਬਧ ਹੈ। ਫਿਰ ਇਸ ਦੀ ਐਮਰਜੰਸੀ ਵਰਤੋਂ ਦੀ ਮਈ ਵਿੱਚ ਖੁੱਲ੍ਹ ਮਿਲ ਗਈ ਤੇ ਇਹ ਵੈਕਸੀਨ 12 ਤੇ 15 ਸਾਲ ਦਰਮਿਆਨ ਦੇ ਬੱਚਿਆਂ ਨੂੰ ਵੀ ਦਿੱਤੀ ਜਾਣ ਲੱਗੀ। ਅਮਰੀਕਾ ਹੁਣ ਅਜਿਹਾ ਪਹਿਲਾ ਮੁਲਕ ਬਣ ਗਿਆ ਹੈ ਜਿਸ ਨੇ ਫਾਈਜ਼ਰ ਨੂੰ ਕੋਵਿਡ-19 ਵੈਕਸੀਨ ਵਜੋਂ ਪੂਰੀ ਤਰ੍ਹਾਂ ਮਾਨਤਾ ਦੇ ਦਿੱਤੀ ਹੈ।

## ਓਟੂਲ ਦੀ ਮਕਬੂਲੀਅਤ ਵਧਣ ਨਾਲ ਕੰਜ਼ਰਵੇਟਿਵਾਂ ਦਾ ਪੱਲੜਾ ਭਾਰੀ : ਨੈਨੋਜ਼ ਸਰਵੇਅ

ਟੋਰਾਂਟੋ, 23 ਅਗਸਤ (ਪੋਸਟ ਬਿਊਰੋ) : ਇਸ ਸਮੇਂ ਲਿਬਰਲਾਂ ਤੇ ਕੰਜ਼ਰਵੇਟਿਵਾਂ ਦਰਮਿਆਨ ਕਾਂਟੇ ਦੀ ਟੱਕਰ ਚੱਲ ਰਹੀ ਹੈ। ਨੈਨੋਜ਼ ਵੱਲੋਂ ਕਰਵਾਏ ਗਏ ਤਾਜ਼ਾ ਸਰਵੇਖਣ ਵਿੱਚ ਪਾਇਆ ਗਿਆ ਹੈ ਕਿ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਦਾ ਪੱਲੜਾ ਇਸ ਸਮੇਂ ਭਾਰੀ ਨਜ਼ਰ ਆ ਰਿਹਾ ਹੈ।



ਜੇ ਇਸ ਸਮੇਂ ਚੋਣਾਂ ਹੁੰਦੀਆਂ ਹਨ ਤਾਂ ਲਿਬਰਲਾਂ ਨੂੰ 32.5 ਫੀ ਸਦੀ ਸਮਰਥਕਾਂ ਕੋਲੋਂ ਵੋਟਾਂ ਹਾਸਲ ਹੋਣਗੀਆਂ ਜਦਕਿ ਕੰਜ਼ਰਵੇਟਿਵਾਂ ਨੂੰ 31.4 ਫੀ ਸਦੀ ਵੋਟਰਾਂ ਦਾ ਸਮਰਥਨ ਹਾਸਲ ਹੋਵੇਗਾ। ਦੋਵਾਂ ਪਾਰਟੀਆਂ ਵਿੱਚ 1.1 ਫੀ ਸਦੀ ਦਾ ਫਰਕ ਰਹਿ ਗਿਆ ਹੈ। ਨੈਨੋਜ਼ ਰਿਸਰਚ ਦੇ ਬਾਨੀ ਤੇ ਚੀਫ ਡਾਟਾ ਸਾਇੰਟਿਸਟ ਨਿੱਕ ਨੈਨੋਜ਼ ਨੇ ਆਖਿਆ ਕਿ ਜੇ ਤੁਸੀਂ ਲਿਬਰਲਾਂ ਦੇ ਸਮਰਥਕ ਹੋਂ ਤਾਂ ਤੁਹਾਨੂੰ ਇਹ ਜਾਣ ਕੇ ਕਾਫੀ ਨਿਰਾਸ਼ਾ ਹੋਵੇਗੀ ਕਿ ਲਿਬਰਲ ਬਹੁਗਿਣਤੀ ਤੋਂ ਪਹਿਲਾਂ ਘੱਟ ਗਿਣਤੀ ਤੇ ਹੁਣ ਆਪਣਾ ਅਕਸ ਬਚਾਉਣ ਦੀ ਕੋਸ਼ਿਸ਼ ਵਿੱਚ ਲੱਗੇ ਹੋਏ ਹਨ। ਇਸ ਸਮੇਂ ਬਹੁਤ ਹੀ ਫਸਵਾਂ ਮੁਕਾਬਲਾ ਚੱਲ ਰਿਹਾ ਹੈ।

15 ਅਗਸਤ ਨੂੰ ਸ਼ੁਰੂ ਹੋਈ ਕੈਂਪੇਨ ਦੇ ਸ਼ੁਰੂਆਤੀ ਦਿਨਾਂ ਵਿੱਚ ਕੰਜ਼ਰਵੇਟਿਵਾਂ ਦਾ ਪੱਲੜਾ ਸਾਫ ਤਰ ਉੱਤੇ ਭਾਰੀ ਨਜ਼ਰ ਆ ਰਿਹਾ ਹੈ। ...ਬਾਕੀ ਪੰਨਾ 5 'ਤੇ

## ਵੀਕੈਂਡ ਉੱਤੇ ਕੌਮਾਂਤਰੀ ਟਰੈਵਲਰਜ਼ ਨੂੰ ਪੀਅਰਸਨ ਏਅਰਪੋਰਟ ਉੱਤੇ ਹੋ ਸਕਦੀ ਹੈ ਦੇਰ

ਟੋਰਾਂਟੋ, 23 ਅਗਸਤ (ਪੋਸਟ ਬਿਊਰੋ) : ਇਸ ਵੀਕੈਂਡ ਟੋਰਾਂਟੋ ਦੇ ਪੀਅਰਸਨ ਏਅਰਪੋਰਟ ਉੱਤੇ ਟਰੈਵਲਰਜ਼ ਨੂੰ ਮਹਾਂਮਾਰੀ ਤੋਂ ਪਹਿਲਾਂ ਵਾਲੇ ਸਮੇਂ ਤੋਂ ਵੱਖਰਾ ਤਜਰਬਾ ਹੋਣ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ।



Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axel InsuranceBrokers Ltd. 1332 Khalsa Dr, Unit # 11, Mississauga, ON L5S 0A2

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
416 938 4598

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Dubai Jewellers
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Dubai Jewellers
Raj & Gulshan Mob: 416-465-1200
www.dubaijewellers.ca
info@dubaijewellers.ca

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

SUPER VISA INSURANCE EXPERTS
Punjab Insurance Inc
Super Visa Monthly Plans Available
- Disability Insurance
- Visitor Insurance
- Travel Insurance
- Life Insurance
- RESP (Education Plan)
- Critical Illness Insurance
- Mortgage Insurance
gill@punjabinsurance.ca
topinsuranceservices.ca
7003 Steeles Ave. W, Unit 10 Etobicoke ON, M9W 0A2
RANJIT GILL 416-724-5000
CALL FOR BEST SERVICE & EXPERT ADVICE

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


chatr
AUTHORIZED DEALER
VISIT US AT:
1 PROMENADE CIRCLE
THORNHILL, ON
NEAR ENTRANCE #3
GRAND OPENING EVENT!
SUNDAY, AUGUST 29TH
GET UP TO
50% OFF FIRST MONTH*
+
PHONE SPECIALS & GIVEAWAYS
*Offer subject to change without notice. Available only at the participating location(s) from August 3rd – August 29th, 2021. Only applicable to new activations with the sign-up of pre-authorized payments with Auto-pay. ™ Trademarks used under license ©2021

# ਫੈਡਰਲ ਚੋਣਾਂ ਦੀ ਬਹਿਸ ਵਿੱਚ ਮੈਕਸਿਮ ਬਰਨੀਅਰ ਦੀ ਪਾਰਟੀ ਨੂੰ ਨਹੀਂ ਦਿੱਤਾ ਗਿਆ ਸੱਦਾ

ਓਟਵਾ, 23 ਅਗਸਤ (ਪੋਸਟ ਬਿਊਰੋ) : ਪੀਪਲਜ਼ ਪਾਰਟੀ ਆਫ ਕੈਨੇਡਾ (ਪੀ ਪੀ ਸੀ) ਦੇ ਆਗੂ ਮੈਕਸਿਮ ਬਰਨੀਅਰ ਨੂੰ ਫੈਡਰਲ ਚੋਣਾਂ ਲਈ ਹੋਣ ਵਾਲੀ ਬਹਿਸ ਵਿੱਚ ਹਿੱਸਾ ਲੈਣ ਦਾ ਸੱਦਾ ਨਹੀਂ ਦਿੱਤਾ ਗਿਆ ਹੈ। ਇਹ ਜਾਣਕਾਰੀ ਚੋਣ ਈਵੈਂਟਸ ਦੀ ਨਿਗਰਾਨੀ ਕਰਨ ਵਾਲੇ ਕਮਿਸ਼ਨ ਨੇ ਦਿੱਤੀ।

ਇੱਕ ਨਿਊਜ਼ ਰਲੀਜ਼ ਵਿੱਚ ਲੀਡਰਜ਼ ਡਿਬੇਟਸ ਕਮਿਸ਼ਨ ਨੇ ਆਖਿਆ ਕਿ ਬਲਾਕ ਕਿਊਬਿਕੁਆ, ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ, ਗ੍ਰੀਨ ਪਾਰਟੀ ਆਫ ਕੈਨੇਡਾ, ਲਿਬਰਲ ਪਾਰਟੀ ਆਫ ਕੈਨੇਡਾ ਤੇ ਨਿਊ ਡੈਮਕ੍ਰੈਟਿਕ ਪਾਰਟੀ ਨੂੰ ਇਸ ਬਹਿਸ ਵਿੱਚ ਹਿੱਸਾ ਲੈਣ ਦਾ ਸੱਦਾ ਦਿੱਤਾ ਗਿਆ ਹੈ। ਹੁਣ ਤੱਕ ਐਨ ਡੀ ਪੀ ਤੇ ਗ੍ਰੀਨਜ਼ ਵੱਲੋਂ ਇਹ ਸੱਦਾ ਸਵੀਕਾਰ ਕੀਤਾ ਜਾ ਚੁੱਕਿਆ ਹੈ। ਕਮਿਸ਼ਨ ਦਾ ਕਹਿਣਾ ਹੈ ਕਿ ਇਸ ਬਹਿਸ ਵਿੱਚ ਹਿੱਸਾ ਲੈਣ ਲਈ ਪਾਰਟੀਆਂ ਨੂੰ ਕੁੱਝ ਮਾਪਦੰਡ ਪੂਰੇ ਕਰਨੇ ਹੁੰਦੇ ਹਨ :

- ਜਦੋਂ ਚੋਣਾਂ ਦਾ ਸੱਦਾ ਦਿੱਤਾ ਗਿਆ ਤਾਂ ਪਾਰਟੀਆਂ ਦਾ ਘੱਟੋ ਘੱਟ ਇੱਕ ਐਮਪੀ ਹਾਊਸ ਆਫ ਕਾਮਨਜ਼ ਵਿੱਚ ਹੋਣਾ ਜ਼ਰੂਰੀ ਸੀ।
- ਪਿਛਲੀਆਂ ਆਮ ਚੋਣਾਂ ਵਿੱਚ ਪਾਰਟੀਆਂ ਦੇ ਉਮੀਦਵਾਰਾਂ ਨੂੰ ਕੁੱਲ ਪਈਆਂ ਜਾਇਜ਼ ਵੋਟਾਂ ਦਾ ਘੱਟੋ ਘੱਟ ਚਾਰ ਫੀ ਸਦੀ ਹਾਸਲ ਜ਼ਰੂਰ ਹੋਇਆ ਹੋਣਾ ਚਾਹੀਦਾ ਸੀ।
- ਅਹਿਮ ਨੈਸ਼ਨਲ ਪਬਲਿਕ ਓਪੀਨੀਅਨ ਪੋਲਿੰਗ ਆਰਗੇਨਾਈਜ਼ੇਸ਼ਨਜ਼ ਵਿੱਚ ਪਾਰਟੀਆਂ ਨੂੰ ਘੱਟੋ ਘੱਟ ਚਾਰ ਫੀ ਸਦੀ ਕੌਮੀ ਸਮਰਥਨ ਹਾਸਲ ਹੋਇਆ ਹੋਣਾ ਜ਼ਰੂਰੀ ਹੈ।

ਇਥੇ ਦੱਸਣਾ ਬਣਦਾ ਹੈ ਕਿ ਪੀ ਪੀ ਸੀ ਦਾ ਕੋਈ ਵੀ ਐਮਪੀ ਇਸ ਸਮੇਂ ਹਾਊਸ ਆਫ ਕਾਮਨਜ਼ ਵਿੱਚ ਨਹੀਂ ਹੈ ਤੇ ਕੌਮੀ ਪੱਧਰ ਉੱਤੇ ਇਸ ਪਾਰਟੀ ਨੂੰ ਸਿਰਫ 3•27 ਫੀ ਸਦੀ ਸਮਰਥਨ ਹੀ ਹਾਸਲ ਹੋਇਆ ਹੈ। ਇਹ ਬਹਿਸ ਗੈਟਿਨਿਊ, ਕਿਊਬਿਕ ਵਿੱਚ ਫਰੈਂਚ ਵਿੱਚ 8 ਸਤੰਬਰ ਨੂੰ ਕੈਨੇਡੀਅਨ ਮਿਊਜ਼ੀਅਮ ਆਫ ਹਿਸਟਰੀ ਵਿੱਚ ਹੋਵੇਗੀ ਤੇ ਇੰਗਲਿਸ਼ ਵਿੱਚ ਇਹ ਬਹਿਸ 9 ਸਤੰਬਰ ਨੂੰ ਹੋਵੇਗੀ।




SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca





ukttc
UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936





Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:
4 units 3 bedroom    2 units 1 bedroom    1 unit bachelor








For More Details Call: 416-970-5005/647-242-8667



Jas Toor
Sales Repersentative
Sutton
Sutton Group-Realty Experts
Brokerage*
Jagdish Grewal
Sales Repersentative
Century 21
President Realty Inc.
Brokerage*



## ਅੱਜ ਨਾਮਾ

ਚਮਕੀ ਭਾਰਤ ਦੀ ਫੇਰ ਇੱਕ ਸ਼ੇਰ ਬੱਚੀ,
ਸੰਸਾਰ ਵਿੱਚ ਪਈ ਧੂੰਮ ਹੈ ਪਾਈ ਭਾਈ।
ਛੋਟੀ ਉਮਰ, ਅਠਾਰਾਂ ਦੀ ਹੋਈ ਹੈ ਨਹੀਂ,
ਲੰਮੀ ਛਾਲ ਤਕੜੀ ਉਸ ਨੇ ਲਾਈ ਭਾਈ।
ਅੱਧੇ ਪੋਟੇ ਦੀ ਕਹਿੰਦੇ ਆ ਕਸਰ ਸੀ ਗੀ,
ਤਮਗਾ ਚਾਂਦੀ ਦਾ ਜਿੱਤ ਲਿਆਈ ਭਾਈ।
ਮਿਲਿਆ ਮੌਕਾ ਤੇ ਧੀਆਂ ਕਮਾਲ ਕਰਤੀ,
ਅਸਲੀ ਤਾਕਤ ਹੈ ਉਨ੍ਹਾਂ ਦਿਖਾਈ ਭਾਈ।
ਜੇਕਰ ਧੀਆਂ ਦੀ ਕਦਰ ਸਮਾਜ ਕਰਦਾ,
ਮਿਲਦਾ ਕਦੋਂ ਦਾ ਏਦਾਂ ਦਾ ਮਾਣ ਭਾਈ।
ਮੌਕਾ ਅਜੇ ਵੀ ਗਿਆ ਨਾ ਗੁਜ਼ਰ ਸਾਰਾ,
ਹੱਥੋਂ ਅਜੇ ਵੀ ਦਿਓ ਨਹੀਂ ਜਾਣ ਭਾਈ।

**ਤੀਸ ਮਾਰ ਖਾਂ**

# ਸੋਸ਼ਲ ਮੀਡੀਆ ਉੱਤੇ ਸਿਆਸਤ: ਨਵਜੋਤ ਸਿੱਧੂ ਦੇ ਸਲਾਹਕਾਰ ਮਾਲੀ ਦੀਆਂ ਪੋਸਟਾਂ ਨਾਲ ਕਾਂਗਰਸ ਦਾ ਅੰਦਰੂਨੀ ਰੱਫੜ ਹੋਰ ਵਧਿਆ

ਚੰਡੀਗੜ੍ਹ, 23 ਅਗਸਤ, (ਪੋਸਟ ਬਿਊਰੋ)- ਪੰਜਾਬ ਦੀ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਸਲਾਹਕਾਰਾਂ ਵਿੱਚੋਂ ਮਾਲਵਿੰਦਰ ਸਿੰਘ ਮਾਲੀ ਨੇ ਸੋਸ਼ਲ ਮੀਡੀਆ ਉੱਤੇ ਇਕ ਹੋਰ ਪੋਸਟ ਪਾ ਕੇ ਨਵਾਂ ਪੁਆੜਾ ਪਾ ਦਿੱਤਾ ਹੈ। ਇਸ ਵਾਰ ਉਸ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਲੰਬੇ ਹੱਥੀਂ ਲਿਆ ਅਤੇ ਆਪਣੇ ਫੇਸਬੁੱਕ ਪੇਜ ਉੱਤੇ ਉਸ ਦੀਆਂ ਕੁਝ ਫੋਟੋ ਸ਼ੇਅਰ ਕੀਤੀਆਂ ਹਨ, ਜਿਨ੍ਹਾਂ ਵਿੱਚ ਉਹ ਪਾਕਿਸਤਾਨੀ ਨਾਗਰਿਕ ਔਰਤ ਅਰੂਸਾ ਆਲਮ ਨਾਲ ਕਾਰ ਵਿੱਚ ਬੈਠਾ ਹੋਇਆ ਹੈ। ਇਸ ਦੇ ਨਾਲ ਇਕ ਹੋਰ ਫੋਟੋ ਮਾਲੀ ਨੇ ਸ਼ੇਅਰ ਕੀਤੀ ਹੈ, ਜਿਸ ਵਿੱਚ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਅਤੇ ਚੀਫ ਸੈਕਟਰੀਵੀ ਅਰੂਸਾ ਆਲਮ ਦਾ ਆਸ਼ੀਰਵਾਦ ਲੈਂਦੇ ਦਿਖਾਈ ਦੇਂਦੇ ਹਨ।

ਅਸਲ ਵਿੱਚ ਮਾਲਵਿੰਦਰ ਸਿੰਘ

*** ਮਾਲੀ ਨੇ ਅਮਰਿੰਦਰ ਵਿਰੁੱਧ ਵੀ ਨਵੀਂ ਪੋਸਟ ਪਾਈ**

ਮਾਲੀ ਦੀਆਂ ਕੁਝ ਪੋਸਟਾਂ ਉੱਤੇ ਇਤਰਾਜ਼ ਹੋਣ ਪਿੱਛੋਂ ਅੱਜ ਨਵਜੋਤ ਸਿੰਘ ਸਿੱਧੂ ਨੇ ਉਸ ਨੂੰ ਅਤੇ ਦੂਸਰੇ ਚਰਚਿਤ ਸਲਾਹਕਾਰ ਡਾ: ਪਿਆਰੇ ਲਾਲ ਗਰਗ ਨੂੰ ਸੱਦਿਆ ਤੇ ਸਮਝਾਉਣ ਲਈ ਮੀਟਿੰਗ ਕੀਤੀ ਸੀ। ਸਮਝਿਆ ਜਾਂਦਾ ਸੀ ਕਿ ਇਸ ਨਾਲ ਵਿਵਾਦ ਰੁਕ ਸਕਦਾ ਹੈ, ਪਰ ਇਸ ਮੀਟਿੰਗ ਪਿੱਛੋਂ ਸ਼ਾਮ ਨੂੰ ਮਾਲਵਿੰਦਰ ਸਿੰਘ ਮਾਲੀ ਹੋਰ ਅੱਗੇ ਵਧ ਗਿਆ ਤੇ ਉਸ ਨੇ ਸੋਸ਼ਲ ਮੀਡੀਆ ਉੱਤੇ ਸ਼ੇਅਰ ਕੀਤੀ ਪੋਸਟ ਵਿੱਚਮੁੱਖ ਮੰਤਰੀ ਅਮਰਿੰਦਰ ਸਿੰਘ ਅਤੇ ਅਰੂਸਾ ਆਲਮ ਦੀਆਂ ਫੋਟੋ ਦੇ ਕੇ ਲਿਖ ਦਿੱਤਾ ਕਿ ਕੌਮੀ ਸੁਰੱਖਿਆ, ਪੰਜਾਬ ਦੇ ਪ੍ਰਸ਼ਾਸਕ ਤੇ ਆਰਥਿਕ ਸਲਾਹਕਾਰ ਕੌਣ ਹੋਣ, ਇਸ ਬਾਰੇ ਬੋਲਣਾ ਤੇ ਸੋਚਣਾ ਚਾਹੀਦਾ



ਹੈ।ਉਸ ਨੇ ਇਹ ਵੀ ਲਿਖਿਆ ਕਿ'ਕੈਪਟਨ ਸਾਹਿਬ, ਤੁਸੀਂ ਨਵਜੋਤ ਸਿੰਘ ਸਿੱਧੂਦੇ ਸਲਾਹਕਾਰਾਂ ਨਾਲ ਸਿਆਸੀ ਲੜਾਈ ਵਿੱਢ ਕੇ ਸਾਬਤ ਕੀਤਾ ਹੈ ਕਿ ਤੁਹਾਡੀ ਸਿਆਸੀ ਔਕਾਤ ਇੰਨੀ ਰਹਿ ਗਈ ਹੈ। ਤੁਹਾਡੇ ਕੌਮੀ ਸੁਰੱਖਿਆ ਤੇ ਪੰਜਾਬ ਪ੍ਰਸ਼ਾਸਨ ਦੇ ਸਲਾਹਕਾਰ ਬੀਬੀ ਅਰੂਸਾ ਆਲਮ ਜੀ ਹਨ। ਮੈਂ ਪਹਿਲਾਂ ਇਹੀ ਸਮਝਦਾ ਸੀ ਕਿ ਇਹ ਤੁਹਾਡਾ ਨਿੱਜੀ ਮਸਲਾ ਹੈ ਤੇ ਮੈਂ ਕਦੇ ਇਹ ਸੁਆਲ ਨਹੀਂ ਉਠਾਇਆ, ਪਰ ਤੁਸੀਂ ਨਵਜੋਤਸਿੱਧੂ ਦੇ ਨਿੱਜੀ ਸਲਾਹਕਾਰਾਂ ਦਾ ਮੁੱਦਾ ਕਾਂਗਰਸ ਦੀ ਸਿਆਸਤ ਤੇ ਦੇਸ਼ ਦੀ ਕੌਮੀ ਸੁਰੱਖਿਆ ਨਾਲ ਜੋੜ ਲਿਆ, ਇਸ ਤੋਂ ਇਹ ਲੱਗਦਾ ਹੈ ਕਿ ਕੁੱਝ ਵੀ ਨਿੱਜੀ ਨਹੀਂ ਹੁੰਦਾ। ਇਸ ਕਾਰਨ ਮੈਨੂੰ ਇਹ ਪੋਸਟ ਪਾਉਣ ਲਈ ਤੁਸੀਂ ਮਜਬੂਰ ਕੀਤਾ ਹੈ।'

ਮਾਲੀ ਨੇ ਇਨ੍ਹਾਂ ਪੋਸਟਾਂ ਦੇ ਨਾਲ ਕਿਹਾ, 'ਆਹ ਤਸਵੀਰਾਂ ਕੀ ਸੰਕੇਤ ਦੇਂਦੀਆਂ ਹਨ। ਤੁਸੀਂ ਬੀਬੀ ਅਰੂਸਾ ਆਲਮ ਕਦੋਂ ਪੰਜਾਬ ਕਾਂਗਰਸ ਵਿੱਚ ਸ਼ਾਮਲ ਕੀਤੀ ਹੈ ਅਤੇ ਪੰਜਾਬ ਦੇ ਡੀ ਜੀ ਪੀਅਤੇਚੀਫ ਸੈਕਟਰੀ ਬੀਬੀ ਅਰੂਸਾ ਆਲਮ ਦਾ ਆਸ਼ੀਰਵਾਦ ਕਿਉਂ ਲੈ ਰਹੇ ਹਨ? ਪਾਕਿਸਤਾਨ ਦੀ ਨਾਗਰਿਕ ਬੀਬੀ ਅਰੂਸਾ ਆਲਮ ਬਾਰੇ ਸੁਣਿਆ ਹੈ ਕਿ ਉਹ ਡਿਫੈਂਸ ਮਾਮਲਿਆਂ ਦੇ ਮਾਹਿਰ ਪੱਤਰਕਾਰ ਹਨ ਅਤੇ ਉਨ੍ਹਾਂ ਦਾ ਨਰਿੰਦਰ ਮੋਦੀ ਦੇ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨਾਲ ਵੀ ਗੂੜ੍ਹਾ ਸੰਬੰਧ ਹੈ ਤੇ ਇਸੇ ਲਈ ਉਨ੍ਹਾਂ ਨੂੰ ਭਾਰਤ ਦੇ ਵੀਜ਼ੇ ਉੱਤੇ ਤੁਹਾਡੇ ਸਿਸਵਾਂ ਫ਼ਾਰਮ ਵਿੱਚ ਲਗਾਤਾਰ ਰਹਿਣਦੀ ਕੋਈ ਮੁਸ਼ਕਲ ਨਹੀਂ ਹੈ। ਲੋਕ ਤਾਂ ਇਹ ਵੀ ਕਹਿੰਦੇ ਹਨ ਕਿ ਕਰਤਾਰਪੁਰ ਲਾਂਘੇ ਵੇਲੇ ਸਿੱਧੂ ਖਿਲਾਫ਼ ਤੁਹਾਡਾ ਡਟ ਕੇ ਸਾਥ ਦੇਣ ਵਾਲੀ ਬੀਬਾ ਹਰਸਿਮਰਤ ਕੌਰ ਬਾਦਲ ਵੀ ਅਰੂਸਾ ਦੇ ਭਾਰਤ ਵੀਜ਼ੇ ਲਈ ਉਸ ਦੀ ਬਹੁਤ ਮੱਦਦਗਾਰ ਰਹੀ ਹੈ।' ਉਸ ਨੇ ਲਿਖਿਆ ਹੈ ਕਿ 'ਕੈਪਟਨ ਸਾਹਿਬ, ਤੁਹਾਡੇ ਆਰਥਿਕ ਸਲਾਹਕਾਰ ਭਾਰਤਇੰਦਰ ਚਾਹਲ ਬਾਰੇ ਮੈਨੂੰ ਇੰਨੀ ਜਾਣਕਾਰੀ ਹੈ ਕਿ ਤੁਸੀਂ ਉਹ ਸੁਣ ਕੇ ਖ਼ੁਦ ਹੈਰਾਨ ਰਹਿ ਜਾਵੋਗੇ। ਜਦੋਂ ਮੈਂ ਤੁਹਾਡੇ ਇਸ ਸਲਾਹਕਾਰ ਨਾਲ ਲੋਕ ਸੰਪਰਕ ਅਫਸਰ ਸੀ ਤਾਂ ਇਸ ਨੇ ਹਿਮਾਚਲ ਅੰਦਰ ਅਜਿਹੀ ਕੋਠੀ ਬਣਾਈ ਸੀ, ਜਿਸਦਾ ਸਾਰਾ ਸਾਮਾਨ ਵਿਦੇਸ਼ ਤੋਂ ਮੰਗਵਾਇਆ ਸੀ। ਜਦੋਂ ਇਸਨੂੰ ਵਿਜੀਲੈਂਸ ਨੇ ਗ੍ਰਿਫਤਾਰ ਕੀਤਾ ਤਾਂ ਇਸ ਕੋਠੀ ਦਾ ਜ਼ਿਕਰ ਵੀ ਆਇਆ ਸੀ ਤੇ ਰੌਲਾ ਪਿਆ ਸੀ ਕਿ ਇਹ ਕੋਠੀ ਹਿਮਾਚਲ ਦੇ ਕਿਸੇ ਵੱਡੇ ਅਫਸਰ ਦੇ ਬੇਟੇ ਦੇ ਨਾਂ ਉੱਤੇ ਬੇਨਾਮੀ ਜਾਇਦਾਦ ਚਾਹਲ ਸਾਹਿਬ ਦੀ ਹੈ ਤੇ ਅੱਜ ਵੀ ਚਰਚਾ ਹੈ ਕਿ ਪੰਜਾਬ ਪ੍ਰਸ਼ਾਸਨ ਵਿੱਚ ਸਾਰੀਆਂ ਤਬਦੀਲੀਆਂ ਸੁਖਬੀਰ ਬਾਦਲ ਦੀ ਚਾਹਤ ਅਨੁਸਾਰ ਹੋ ਰਹੀਆਂ ਹਨ ਅਤੇ ਤੁਹਾਡੇ ਸਿਰਫ ਦਸਤਖ਼ਤ ਹੀ ਹੋ ਰਹੇ ਹਨ, ਸੱਚਾਈ ਕੀ ਹੈ? ਇਹ ਤੁਸੀਂ ਜਾਣੋ।'

## ਦਿੱਲੀ ਨੂੰ ਸਾਫ ਹਵਾ ਦੇਣ ਲਈ ਕੇਜਰੀਵਾਲ ਸਰਕਾਰ ਨੇ ਪਹਿਲੀ ਵਾਰ ਸਮੌਗ ਟਾਵਰ ਲਾਇਆ



ਨਵੀਂ ਦਿੱਲੀ, 23 ਅਗਸਤ, (ਪੋਸਟ ਬਿਊਰੋ)- ਹਰ ਸਾਲ ਦਿੱਲੀ ਵਿੱਚ ਪ੍ਰਦੂਸ਼ਣ ਦੀ ਸਮੱਸਿਆ ਹੋਣ ਉੱਤੇ ਹਰਿਆਣਾ ਤੇ ਪੰਜਾਬ ਦੇ ਪਰਾਲੀ ਸਾੜਦੇ ਕਿਸਾਨਾਂ ਨੂੰ ਦੋਸ਼ ਦਿੱਤਾ ਜਾਂਦਾ ਹੈ। ਇਸ ਸਮੱਸਿਆ ਤੋਂ ਛੁਟਕਾਰੇ ਲਈ ਕੇਜਰੀਵਾਲ ਸਰਕਾਰ ਨੇ ਨਵਾਂ ਹੱਲ ਲੱਭਿਆ ਅਤੇ ਦਿੱਲੀ ਵਿੱਚ ਦੇਸ਼ ਦਾ ਪਹਿਲਾ ਸਮੋਗ ਟਾਵਰ ਖੁੱਲ੍ਹ ਗਿਆ ਹੈ। ਇਹ ਟਾਵਰ ਪ੍ਰਦੂਸ਼ਤ ਹਵਾ ਨੂੰ ਅੰਦਰ ਖਿੱਚ ਕੇ ਸਾਫ਼ ਹਵਾ ਬਾਹਰ ਕੱਢੇਗਾ। ਇਸ ਦਾ ਉਦਘਾਟਨ ਅੱਜ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕੀਤਾ ਹੈ, ਜਿਸ ਨਾਲਦਿੱਲੀ ਦੇ ਲੋਕਾਂ ਨੂੰ ਪ੍ਰਦੂਸ਼ਣ ਤੋਂ ਕਾਫੀ ਰਾਹਤ ਮਿਲਣ ਦੀ ਉਮੀਦ ਹੈ। ਦਿੱਲੀ ਵਿੱਚ ਲੱਗਾ ਇਹ ਪਹਿਲਾ ਸਮੋਗ ਟਾਵਰ ਕਨਾਟ ਪਲੇਸ ਦੇ ਇਲਾਕੇ ਵਿੱਚ ਬਾਬਾ ਖੜਕ ਸਿੰਘ ਮਾਰਗ ਉੱਤੇ ਬਣਾਇਆ ਗਿਆ ਹੈ। ਇਹ ਸਮੋਗ ਟਾਵਰ 1 ਵਰਗ ਕਿਲੋਮੀਟਰ ਖੇਤਰ ਦੀ ਹਵਾ ਸਾਫ਼ ਕਰੇਗਾ ਤੇ ਲੋਕਾਂ ਨੂੰ ਪ੍ਰਦੂਸ਼ਣ ਤੋਂ ਬਚਾਏਗਾ। ਇਹ ਟਾਵਰ ਗੰਦੀ ਹਵਾ ਕੱਢ ਕੇ ਸਾਫ਼ ਕਰੇਗਾ ਅਤੇ ਇਸਨੂੰ 10 ਮੀਟਰ ਉਚਾਈ ਉੱਤੇ ਛੱਡ ਦੇਵੇਗਾ।

ਸਮੋਗ ਟਾਵਰ ਦੇ ਉਦਘਾਟਨ ਪਿੱਛੋਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਹਵਾ ਪ੍ਰਦੂਸ਼ਣ ਨਾਲ ਲੜਨ ਤੇ ਦਿੱਲੀ ਦੀ ਹਵਾ ਸਾਫ ਕਰਨ ਲਈ ਦੇਸ਼ ਵਿੱਚ ਪਹਿਲਾ ਸਮੋਗ ਟਾਵਰ ਦਿੱਲੀ ਵਿੱਚ ਲਾਇਆ ਹੈ। ਅਸੀਂ ਇਹ ਅਮਰੀਕਾ ਤੋਂ ਮੰਗਵਾਇਆ ਹੈ।ਕੁੱਲ 24 ਮੀਟਰ ਉੱਚਾ ਇਹ ਮੀਨਾਰ 1 ਕਿਲੋਮੀਟਰ ਘੇਰੇ ਦੀ ਹਵਾ ਸਾਫ ਕਰੇਗਾ।

# ਨਵਜੋਤ ਸਿੱਧੂ ਦੇ ਸਲਾਹਕਾਰ ਮਾਲੀ ਦੀਆਂ ਪੋਸਟਾਂ ਬਾਰੇ ਹਰੀਸ਼ ਰਾਵਤ ਦਾ ਸਖ਼ਤ ਰੁਖ

ਨਵੀਂ ਦਿੱਲੀ, 23 ਅਗਸਤ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨਨਵਜੋਤ ਸਿੰਘ ਸਿੱਧੂ ਦੇ ਸਲਾਹਕਾਰਾਂ ਅਤੇ ਖਾਸ ਕਰ ਕੇ ਮਾਲਵਿੰਦਰ ਸਿੰਘ ਮਾਲੀ ਦੇ ਬਿਆਨਾਂ ਉੱਤੇਨਵੇਂ ਛਿੜੇ ਵਿਵਾਦ ਤੋਂ ਬਾਅਦ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਤ ਨੇ ਇਸ ਵਿੱਚ ਦਖ਼ਲ ਦਿੱਤਾਤੇ ਕਿਹਾ ਹੈ ਕਿ ਇਸ ਦੀ ਸਾਰੀ ਜਾਣਕਾਰੀ ਮੰਗੀ ਗਈ ਹੈ। ਉਨ੍ਹਾਂ ਕਿਹਾ ਕਿ ਨਵਜੋਤ ਸਿੰਘ ਸਿੱਧੂ ਅਤੇ ਹੋਰਨਾਂ ਦਾ ਕਹਿਣਾ ਹੈ ਕਿ ਸਲਾਹਕਾਰਾਂ ਦੇ ਬਿਆਨਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ ਅਤੇ ਚੋਣਾਂ ਕਾਰਨ ਅਜਿਹੇ ਬਿਆਨਾਂ ਨੂੰ ਸਿਆਸੀ ਲਾਹਾ ਲੈਣ ਲਈ ਵਰਤਿਆ ਜਾ ਰਿਹਾ ਹੈ।

ਕਾਂਗਰਸ ਹਾਈ ਕਮਾਂਡ ਵੱਲੋਂ ਪੰਜਾਬ ਦੇ ਇੰਚਾਰਜ ਹਰੀਸ਼ ਰਾਵਤ ਨੇ ਕਿਹਾ ਕਿ ਉਹ ਪਾਰਟੀ ਵੱਲੋਂ ਸਪੱਸ਼ਟ ਕਰ ਰਹੇ ਹਨ ਕਿ ਜੰਮੂ-ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈ ਅਤੇ ਕਿਸੇ ਨੂੰ ਇਨ੍ਹਾਂ ਹਾਲਾਤ ਉੱਤੇ ਸ਼ੱਕ ਕਰਨ ਦਾ



ਹੱਕ ਨਹੀਂ।ਉਨ੍ਹਾ ਕਿਹਾ ਕਿ ਜਿਸ ਵਿਅਕਤੀ ਨੇ ਇਹ ਬਿਆਨ ਦਿੱਤਾ ਹੈ, ਉਹ ਕਾਂਗਰਸ ਦਾ ਆਗੂ ਨਹੀਂ, ਜੇ ਅਜਿਹੇ ਬਿਆਨ ਦਿੱਤੇ ਹਨ ਤਾਂ ਪਾਰਟੀ ਉਸ ਵਿਅਕਤੀਵਿਰੁੱਧ ਕਾਰਵਾਈ ਜ਼ਰੂਰ ਕਰੇਗੀ।ਨਵਜੋਤ ਸਿੱਧੂ ਦੇ ਸਲਾਹਕਾਰ ਵਲੋਂ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਵਿਵਾਦਤ ਤਸਵੀਰ ਪੋਸਟ ਕੀਤੇ ਜਾਣ ਬਾਰੇ ਰਾਵਤ ਨੇ ਕਿਹਾ ਕਿ ਉਹ ਪ੍ਰਸਿੱਧ ਲੀਡਰਾਂ ਵਿਚੋਂ ਇਕ ਸਨ ਅਤੇ ਸਾਡੇ ਲਈ ਮਾਂ ਬਰਾਬਰ ਸਨ, ਜੇ ਉਨ੍ਹਾਂ ਬਾਰੇ ਗਲਤ ਪੋਸਟ ਕੀਤਾ ਹੈ ਤਾਂ ਅਸੀਂ ਨਿੰਦਾ ਕਰਦੇ ਹਾਂ।

ਇਸ ਦੌਰਾਨ ਅਨੰਦਪੁਰ ਸਾਹਿਬ ਹਲਕੇ ਤੋਂ ਮੈਂਬਰ ਪਾਰਲੀਮੈਂਟ ਅਤੇ ਸੀਨੀਅਰ ਕਾਂਗਰਸ ਆਗੂ ਮਨੀਸ਼ ਤਿਵਾੜੀ ਨੇ ਨਵਜੋਤ ਸਿੰਘ ਸਿੱਧੂ ਦੇ ਸਲਾਹਕਾਰਾਂ ਦੇ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। ਤਿਵਾੜੀ ਨੇ ਟਵੀਟ ਕਰ ਕੇ ਪੰਜਾਬ ਦੇ ਕਾਂਗਰਸ ਇੰਚਾਰਜ ਹਰੀਸ਼ ਰਾਵਤ ਨੂੰ ਅਪੀਲ ਕੀਤੀ ਹੈ ਕਿ ਜਿਹੜੇ ਲੋਕ ਜੰਮੂ-ਕਸ਼ਮੀਰ ਨੂੰ ਭਾਰਤ ਦਾ ਨਹੀਂ ਮੰਨਦੇ ਅਤੇ ਪਾਕਿਸਤਾਨੀ ਪੱਖੀ ਹਨ, ਕੀ ਉਹ ਕਾਂਗਰਸ ਦਾ ਹਿੱਸਾ ਹੋਣੇ ਚਾਹੀਦੇ ਹਨ। ਇਸ ਦੇ ਨਾਲ ਤਿਵਾੜੀ ਨੇ ਕੈਪਟਨ ਅਮਰਿੰਦਰ ਸਿੰਘ ਦਾ ਉਹ ਬਿਆਨ ਸ਼ੇਅਰ ਕੀਤਾ ਹੈ, ਜਿਸ ਵਿਚ ਉਨ੍ਹਾਂ ਨੇ ਸਿੱਧੂ ਦੇ ਸਲਾਹਕਾਰ ਮਾਲਵਿੰਦਰ ਸਿੰਘ ਮਾਲੀ ਤੇ ਪਿਆਰੇ ਲਾਲ ਗਰਗ ਨੂੰ ਸੋਚ-ਸਮਝ ਕੇ ਬੋਲਣ ਲਈ ਤਾੜਿਆ ਹੈ। ਤਿਵਾੜੀ ਨੇ ਇਹ ਵੀ ਆਖਿਆ ਹੈ ਕਿ ਅਜਿਹੇ ਬਿਆਨ ਉਨ੍ਹਾਂ ਸਾਰਿਆਂ ਦਾ ਮਜ਼ਾਕ ਉਡਾਉਂਦੇ ਹਨ, ਜਿਨ੍ਹਾਂ ਨੇ ਭਾਰਤ ਲਈ ਆਪਣਾ ਖ਼ੂਨ ਵਹਾਇਆ ਹੈ।

# ਕੈਦੀ ਰਾਮ ਰਹੀਮ ਨੂੰ 'ਵਿਸ਼ੇਸ਼ ਲੋਕਾਂ' ਨਾਲ ਮਿਲਵਾਉਣ ਵਾਲਾ ਡੀ ਐੱਸ ਪੀ ਸਸਪੈਂਡ

ਚੰਡੀਗੜ੍ਹ, 23 ਅਗਸਤ, (ਪੋਸਟ ਬਿਊਰੋ)- ਦਿੱਲੀਦੇ ਆਲ ਇੰਡੀਆ ਮੈਡੀਕਲ ਇੰਸਟੀਚਿਊਟ (ਏਮਜ਼) ਤੋਂ ਰੋਹਤਕ ਦੀ ਸੁਨਾਰੀਆ ਜੇਲ੍ਹ ਨੂੰ ਮੁੜਦੇ ਸਮੇਂ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਰਾਮ ਰਹੀਮ ਨੂੰ ਕੁਝ ਖਾਸ ਲੋਕਾਂ ਨਾਲ ਮਿਲਾਉਣ ਦੇ ਕੇਸ ਵਿੱਚਹਰਿਆਣਾ ਪੁਲਸ ਦਾ ਡਿਪਟੀ ਸੁਪਰਡੈਂਟਪੁਲਸ (ਡੀ ਐੱਸ ਪੀ) ਸ਼ਮਸ਼ੇਰ ਸਿੰਘ ਸਸਪੈਂਡ ਕੀਤਾ ਗਿਆ ਹੈ।ਉਸ ਉੱਤੇ ਦੋਸ਼ ਹੈ ਕਿ ਸੁਰੱਖਿਆ ਇੰਚਾਰਜ ਹੁੰਦੇ ਹੋਏ ਇਸਡੀ ਐੱਸ ਪੀ ਨੇ ਮੁੜਦੇ ਸਮੇਂ ਡੇਰਾ ਮੁਖੀ ਨੂੰ ਕੁਝ ਖਾਸ ਲੋਕਾਂ ਨਾਲ ਮਿਲਾਇਆ ਸੀ, ਜਿਨ੍ਹਾਂ ਵਿੱਚਔਰਤਾਂ ਵੀ ਸਨ। ਸੁਰੱਖਿਆਦੀ ਇਸ ਲਾਪਰਵਾਹੀ ਜਾਂ ਜਾਣਬੁੱਝ ਕੇ ਕੀਤੀ ਚੁਸਤੀ ਦਾ ਮਾਮਲਾ ਪਿਛਲੇ ਦਿਨੀਂ ਸੁਰਖੀਆਂ ਵਿੱਚ ਆਉਣ



ਪਿੱਛੋਂਪੁਲਸ ਹੈੱਡ ਕੁਆਰਟਰ ਤੋਂ ਇਸ ਡੀ ਐੱਸ ਪੀ ਨੂੰ ਸਸਪੈਂਡ ਕਰਨ ਦਾ ਆਦੇਸ਼ ਜਾਰੀ ਕੀਤਾ ਗਿਆ ਅਤੇ ਅੱਗੋਂ ਜਾਂਚ ਕੀਤੀ ਜਾਵੇਗੀ।

ਵਰਣਨ ਯੋਗ ਹੈ ਕਿ ਆਪਣੇ ਸਿਰਸੇ ਡੇਰੇ ਵਿੱਚ ਕੁਝ ਸਾਧਵੀਆਂ ਦੇਸੈਕਸ ਸ਼ੋਸ਼ਣਦੇ ਦੋਸ਼ਹੇਠ ਡੇਰਾ ਸਿਰਸਾ ਦਾ ਮੁਖੀ ਰਾਮ ਰਹੀਮ ਸਿੰਘ 20 ਸਾਲ ਦੀ ਸਜ਼ਾ ਕੱਟਣ ਲਈ ਸੁਨਾਰੀਆ ਜੇਲ੍ਹ ਵਿੱਚ ਬੰਦ ਹੈ। ਉਸ ਨੂੰ 17 ਜੁਲਾਈ ਨੂੰ ਕੁਝ ਟੈਸਟ ਕਰਾਉਣ ਲਈ ਭਾਰੀ ਸੁਰੱਖਿਆ ਹੇਠਦਿੱਲੀਦੇ ਏਮਜ਼ ਹਸਪਤਾਲ ਲਿਜ-ਾਇਆ ਗਿਆ ਸੀ ਅਤੇ ਓਥੋਂ ਮੁੜਦੇ ਸਮੇਂ ਉਸ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਡੀ ਐੱਸ ਪੀ ਮਹਿਮ ਸ਼ਮਸ਼ੇਰ ਸਿੰਘ ਕੋਲ ਸੀ। ਮੁੜਦੇ ਸਮੇਂ ਡੀ ਐੱਸ ਪੀ ਨੇ ਡੇਰਾ ਮੁਖੀ ਨੂੰ ਆਪਣੀ ਸਰਕਾਰੀ ਗੱਡੀ ਵਿੱਚ ਬਿਠਾਇਆ ਤੇ ਕੁਝ ਖਾਸ ਲੋਕਾਂ ਨਾਲ ਮਿਲਾਇਆ ਸੀ।ਇਸ ਦੀ ਕਹਾਣੀ ਬਾਹਰ ਆਉਣ ਪਿੱਛੋਂ ਜਦੋਂ ਡੀ ਐੱਸ ਪੀ ਮਹਿਮ ਤੋਂ ਇਸ ਬਾਰੇ ਉੱਚ ਅਧਿਕਾਰੀਆਂ ਨੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਚੰਡੀਗੜ੍ਹ ਤੋਂ ਕਿਸੇ ਵੀ ਆਈ ਪੀ ਦਾ ਫੋਨ ਆਇਆ ਸੀ, ਪਰ ਸਵਾਲ ਇਹ ਸੀ ਕਿ ਵੀ ਆਈ ਪੀ ਦਾ ਫ਼ੋਨ ਆਉਣ ਉੱਤੇਡੀ ਐੱਸ ਪੀ ਨੇ ਏਡੀ ਲਾਪਰਵਾਹੀ ਕਿਵੇਂ ਕਰ ਦਿੱਤੀ ਕਿ ਸਾਰੇ ਪ੍ਰੋਟੋਕੋਲ ਤੋੜ ਕੇ ਡੇਰਾ ਮੁਖੀ ਨੂੰ ਕਈ ਲੋਕਾਂ ਨਾਲ ਮਿਲਵਾ ਦਿੱਤਾ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਖੇਤੀ ਮਾਹਰਾਂ ਅਤੇ ਗੰਨਾ ਕਿਸਾਨਾਂ ਦੀ ਮੀਟਿੰਗ ਫਿਰ ਬੇਨਤੀਜਾ ਰਹੀ

*** ਧਰਨਾ ਜਾਰੀ ਰਹੇਗਾ, ਟੋਲ ਪਲਾਜ਼ੇ ਜਾਮ ਕਰਨ ਦਾ ਫ਼ੈਸਲਾ ਟਾਲਿਆ**



ਜਲੰਧਰ, 23 ਅਗਸਤ, (ਪੋਸਟ ਬਿਊਰੋ)- ਪੰਜਾਬ ਵਿੱਚ ਗੰਨੇ ਦੀਆਂ ਕੀਮਤਾਂ ਵਧਾਉਣ ਅਤੇ ਬਕਾਏ ਦੇਣ ਬਾਰੇ ਕਿਸਾਨਾਂ ਵੱਲੋਂ ਸੜਕਾਂ ਅਤੇ ਰੇਲ ਆਵਾਜਾਈ ਰੋਕਣ ਦੇ ਸੰਘਰਸ਼ ਵੇਲੇਅੱਜ ਸੋਮਵਾਰ ਖੇਤੀ ਮਾਹਰਾਂ ਤੇ ਕਿਸਾਨ ਆਗੂਆਂ ਵਿਚਾਲੇ ਹੋਈ ਮੀਟਿੰਗ ਫਿਰ ਕਿਸੇ ਨਤੀਜੇ ਉੱਤੇ ਨਹੀ ਪੁੱਜ ਸਕੀ ਅਤੇ ਧਰਨਾ ਜਾਰੀ ਹੈ।

ਵਰਣਣ ਯੋਗ ਹੈ ਕਿ ਬੀਤੇ ਐਤਵਾਰ ਚੰਡੀਗੜ੍ਹ ਵਿੱਚ ਕੋਆਪਰੇਟਿਵ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨਾਲ ਹੋਈ ਮੀਟਿੰਗ ਪਿੱਛੋਂ ਅੱਜ ਸੋਮਵਾਰ ਨੂੰ ਜਲੰਧਰ ਡਿਪਟੀ ਕਮਿਸ਼ਨਰ ਦਫ਼ਤਰ ਵਿਚ ਗੰਨਾ ਕਮਿਸ਼ਨਰ ਅਤੇ ਹੋਰਨਾਂ ਮਾਹਰਾਂ ਨਾਲ ਕਿਸਾਨ ਆਗੂਆਂ ਦੀ ਮੀਟਿੰਗ ਸੀ, ਪਰ ਇਸ ਵਿੱਚਕੋਈ ਸਿੱਟਾ ਨਹੀਂ ਨਿਕਲ ਸਕਿਆ।ਇਸ ਦੌਰਾਨ ਅੱਜ ਚੌਥੇ ਦਿਨ ਵੀ ਧੰਨੋਵਾਲੀ ਲਾਗੇ ਨੈਸ਼ਨਲ ਹਾਈਵੇਅਤੇ ਰੇਲਵੇ ਟਰੈਕ ਉੱਤੇ ਕਿਸਾਨਾਂ ਦਾ ਧਰਨਾ ਜਾਰੀ ਰਿਹਾ। ਕਿਸਾਨਾਂ ਨੇ ਫ਼ਿਲਹਾਲ ਟੋਲ ਪਲਾਜ਼ੇ ਰੋਕਣ ਦਾ ਫ਼ੈਸਲਾ ਟਾਲ ਦਿੱਤਾਹੈ, ਪਰ ਧੰਨੋਵਾਲੀ ਵਿੱਚ ਹਾਈਵੇ ਅਤੇ ਰੇਲ ਟਰੈਕ ਉਪਰ ਧਰਨਾ ਏਸੇ ਤਰ੍ਹਾਂ ਜਾਰੀ ਰਹੇਗਾ।ਭਾਰਤੀ ਕਿਸਾਨ ਯੂਨੀਅਨ ਦੁਆਬਾ ਦੇ ਪ੍ਰਧਾਨ ਮਨਜੀਤ ਸਿੰਘ ਰਾਏ ਨੇ ਮੀਟਿੰਗ ਪਿੱਛੋਂ ਦੱਸਿਆ ਕਿ ਮੁੱਖ ਮੰਤਰੀ ਨਾਲ ਅਗਲੀ ਬੈਠਕ ਵਿੱਚ ਹੱਲ ਨਿਕਲਣ ਦੀ ਆਸ ਹੈ।ਅੱਜ ਦੀ ਗੰਨਾ ਕਮਿਸ਼ਨਰ ਨਾਲ ਹੋਈ ਕਿਸਾਨਾਂ ਦੀ ਮੀਟਿੰਗ ਵਿੱਚ ਸਰਕਾਰ ਤੇ ਕਿਸਾਨਾਂ ਵੱਲੋਂ ਗੰਨੇ ਦੀ ਦੱਸੀ ਲਾਗਤਦਾ ਕਾਫੀ ਫਰਕ ਸੀ। ਬੀਤੇ ਐਤਵਾਰ ਸਰਕਾਰ ਨੇ ਦੀ ਲਾਗਤ 350 ਰੁਪਏ ਕੁਇੰਟਲ ਦੱਸੀ ਸੀ, ਪਰ ਅੱਜ ਮੀਟਿੰਗ ਵਿੱਚ 345 ਰੁਪਏ ਦੱਸੀ ਹੈ। ਕਿਸਾਨਾਂ ਨੇ ਇਹ ਕੀਮਤ 470 ਰੁਪਏ ਦੱਸੀ ਹੈ, ਜਿਸ ਦੇ ਵੇਰਵੇ ਮੀਟਿੰਗ ਵਿਚ ਦਿੱਤੇ ਹਨ।ਪੰਜਾਬ ਸਰਕਾਰ ਨੇ ਠੇਕੇ ਦਾ ਰੇਟ 35 ਹਜ਼ਾਰ ਰੁਪਏ ਪ੍ਰਤੀ ਏਕੜ, ਖਾਦ 25 ਕਿੱਲੋ ਪ੍ਰਤੀ ਖੇਤ ਤੇ ਮਜ਼ਦੂਰੀ ਪੂਰੀ ਲਾਗਤ ਦੀ ਫ਼ੀਸਦੀ ਮਿਥੀ ਹੈ। ਦੂਸਰੇ ਪਾਸੇ ਕਿਸਾਨਾਂ ਨੇ ਠੇਕਾ 46000 ਰੁਪਏ, ਖਾਦ ਡੇਢ ਕੁਇੰਟਲ ਤੇ ਮਜ਼ਦੂਰੀ 40 ਫ਼ੀਸਦੀ ਮਿਥ ਕੇ ਅਧਿਕਾਰੀਆਂ ਸਾਹਮਣੇ ਰੱਖੀ ਹੈ। ਇਸ ਤੋਂ ਇਲਾਵਾ ਸਰਕਾਰ ਨੇ ਕਿਸਾਨਾਂ ਦੇ ਖੇਤੀ ਵਿੱਚ ਵਰਤੀ ਜਾਂਦੀ ਮਸ਼ੀਨਰੀ ਦੀ ਡੈਪਰੀਸੇਸ਼ਨ ਦਾ ਜ਼ਿਕਰ ਨਹੀਂ ਕੀਤਾ। ਮੀਟਿੰਗ ਮੌਕੇ ਕਿਸਾਨਾਂ ਦੀਆਂ ਦਲੀਲਾਂ ਸੁਣ ਕੇ ਅਧਿਕਾਰੀ ਇਕ-ਦੂਜੇ ਵੱਲ ਝਾਕਦੇ ਰਹੇ।

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
Red Seal NOTARY
KAUR LAW OFFICE
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
• Skilled Worker Category
• Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂੰਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਓਟੂਲ ਦੀ ਮਕਬੂਲੀਅਤ ਵਧਣ ਨਾਲ ਕੰਜ਼ਰਵੇਟਿਵਾਂ ਦਾ ਪੱਲੜਾ ਭਾਰੀ : ਨੈਨੋਜ਼ ਸਰਵੇਅ

...ਪੰਨਾ 1 ਦਾ ਬਾਕੀ

12 ਅਗਸਤ ਨੂੰ ਕਰਵਾਏ ਗਏ ਸਰਵੇਖਣ ਵਿੱਚ ਲਿਬਰਲਾਂ ਨੂੰ ਮਿਲਣ ਵਾਲਾ ਸਮਰਥਨ 33.4 ਫੀ ਸਦੀ ਸੀ ਤੇ ਉਸ ਸਮੇਂ ਕੰਜ਼ਰਵੇਟਿਵ 28.4 ਨਾਲ ਪਿੱਛੇ ਚੱਲ ਰਹੇ ਸਨ। ਪਰ ਪ੍ਰਧਾਨ ਮੰਤਰੀ ਵਜੋਂ ਪਸੰਦੀਦਾ ਉਮੀਦਵਾਰ ਸਬੰਧੀ ਲੋਕਾਂ ਦੀ ਪੁੱਛੀ ਗਈ ਰਾਇ ਵਿੱਚ ਓਟੂਲ ਦੇ ਸਮਰਥਨ ਵਿੱਚ 17.7 ਫੀ ਸਦੀ ਦੇ ਮੁਕਾਬਲੇ ਤਾਜ਼ਾ ਸਰਵੇਖਣ ਵਿੱਚ 24.0 ਫੀ ਸਦੀ ਵਾਧਾ ਦਰਜ ਕੀਤਾ ਗਿਆ। ਨੈਨੋਜ਼ ਨੇ ਆਖਿਆ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਪਸੰਦੀਦਾ ਪ੍ਰਧਾਨ ਮੰਤਰੀ ਵਜੋਂ ਓਟੂਲ ਨੂੰ ਪਸੰਦ ਕਰਨ ਵਾਲਿਆਂ ਦੀ ਗਿਣਤੀ ਦਿਨੋਂ ਦਿਨ ਵਧ ਰਹੀ ਹੈ।ਪਰ ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਬਹੁਤੇ ਸਮਰਥਕ ਉਹ ਹਨ ਜਿਹੜੇ ਕੋਈ ਫੈਸਲਾ ਨਹੀਂ ਕਰ ਪਾ ਰਹੇ।

ਇਸ ਸਰਵੇਖਣ ਅਨੁਸਾਰ 20 ਸਤੰਬਰ ਤੋਂ ਪਹਿਲਾਂ ਬਹੁਗਿਣਤੀ ਸਰਕਾਰ ਬਣਾਉਣ ਦਾ ਲਿਬਰਲਾਂ ਦਾ ਸੁਪਨਾ ਧੁੰਦਲਾ ਪੈਂਦਾ ਨਜ਼ਰ ਆ ਰਿਹਾ ਹੈ ਤੇ ਹੁਣ ਵੋਟਾਂ ਪੈਣ ਵਿੱਚ ਵੀ ਕੋਈ ਬਹੁਤੀ ਦੇਰ ਨਹੀਂ ਰਹਿ ਗਈ ਹੈ। ਇਸ ਤੋਂ ਇਲਾਵਾ ਇਸ ਸਰਵੇਖਣ ਵਿੱਚ ਪਾਇਆ ਗਿਆ ਕਿ ਐਨ ਡੀ ਪੀ ਨੂੰ 20.8 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ, ਗ੍ਰੀਨ ਪਾਰਟੀ ਨੂੰ ਮਿਲਣ ਵਾਲਾ ਸਮਰਥਨ 7.9 ਫੀ ਸਦੀ ਤੋਂ ਘੱਟ ਕੇ 5.1 ਫੀ ਸਦੀ ਰਹਿ ਗਿਆ ਹੈ। ਬਲਾਕ ਕਿਊਬਿਕੁਆ ਨੂੰ ਮਿਲਣ ਵਾਲੇ 6.1 ਫੀ ਸਦੀ ਸਮਰਥਨ ਵਿੱਚ ਮਾਮੂਲੀ ਵਾਧਾ ਹੋਇਆ ਹੈ ਤੇ ਇਹ 6•3 ਫੀ ਸਦੀ ਹੋ ਗਿਆ ਹੈ ਜਦਕਿ ਪੀਪਲਜ਼ ਪਾਰਟੀ ਨੂੰ 1.9 ਫੀ ਸਦੀ ਦੀ ਥਾਂ ਹੁਣ 3.3 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ।

ਪਸੰਦੀਦਾ ਆਗੂ ਦੇ ਮੁਕਾਬਲੇ ਵਿੱਚ ਐਨ ਡੀ ਪੀ ਆਗੂ ਜਗਮੀਤ ਸਿੰਘ ਦੀ ਦਮਦਾਰ ਕਾਰਗੁਜ਼ਾਰੀ ਵੇਖਣ ਨੂੰ ਮਿਲ ਰਹੀ ਹੈ, ਚੰਦ ਦਿਨਾਂ ਵਿੱਚ ਹੀ ਉਨ੍ਹਾਂ ਨੂੰ ਪਸੰਦ ਕਰਨ ਵਾਲਿਆਂ ਦਾ ਗ੍ਰਾਫ 16.9 ਫੀ ਸਦੀ ਤੋਂ ਵੱਧ ਕੇ 19.4 ਫੀ ਸਦੀ ਤੱਕ ਅੱਪੜ ਗਿਆ ਹੈ।ਨਿੱਕ ਨੈਨੋਜ਼ ਨੇ ਆਖਿਆ ਕਿ ਜਗਮੀਤ ਸਿੰਘ ਇਨ੍ਹਾਂ ਚੋਣਾਂ ਵਿੱਚ ਅਹਿਮ ਭੂਮਿਕਾ ਨਿਭਾਅ ਸਕਦੇ ਹਨ। ਉਹ ਇਸ ਮੁਕਾਬਲੇ ਨੂੰ ਤਿਕੋਣਾ ਮੁਕਾਬਲਾ ਬਣਾਉਣ ਦਾ ਵੀ ਦਮ ਰੱਖਦੇ ਨਜ਼ਰ ਆ ਰਹੇ ਹਨ।

## ਵੀਕੈਂਡ ਉੱਤੇ ਕੌਮਾਂਤਰੀ ਟਰੈਵਲਰਜ਼ ਨੂੰ ਪੀਅਰਸਨ ਏਅਰਪੋਰਟ ਉੱਤੇ ਹੋ ਸਕਦੀ ਹੈ ਦੇਰ

...ਪੰਨਾ 1 ਦਾ ਬਾਕੀ

ਲੈਂਡ ਕਰਨ ਤੋਂ ਬਾਅਦ ਇੰਟਰਨੈਸ਼ਨਲ ਟਰੈਵਲਰਜ਼ ਨੂੰ ਤਿੰਨ ਘੰਟੇ ਤੱਕ ਡਿਲੇਅ ਦੀ ਉਮੀਦ ਕਰਨ ਲਈ ਆਖਿਆ ਜਾ ਰਿਹਾ ਹੈ। ਆਪਣੀ ਵੈੱਬਸਾਈਟ ਉੱਤੇ ਟੋਰਾਂਟੋ ਪੀਅਰਸਨ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਹੈ ਕਿ ਇੱਥੋਂ ਰਵਾਨਾ ਹੋਣ ਵਾਲੇ ਤੇ ਇੱਥੇ ਪਹੁੰਚਣ ਵਾਲੇ ਕੌਮਾਂਤਰੀ ਟਰੈਵਲਰਜ਼ ਨੂੰ ਦੇਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਏਅਰਪੋਰਟ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਇਹ ਦੇਰ ਵਾਧੂ ਸਕਰੀਨਿੰਗ ਤੇ ਹੈਲਥ ਚੈੱਕਜ਼ ਲਈ ਹੋ ਸਕਦੀ ਹੈ।

ਏਅਰਪੋਰਟ ਦਾ ਕਹਿਣਾ ਹੈ ਕਿ ਜੇ ਕੋਈ ਜਹਾਜ਼ ਰਸ਼ ਵਾਲੇ ਸਮੇਂ ਵਿੱਚ ਪਹੁੰਚਦਾ ਹੈ ਤਾਂ ਯਾਤਰੀਆਂ ਨੂੰ ਏਅਰਪੋਰਟ ਦੇ ਅੰਦਰ ਹੀ ਜਹਾਜ਼ ਤੋਂ ਉਤਰ ਕੇ ਬੈਠਣ ਲਈ ਆਖਿਆ ਜਾ ਸਕਦਾ ਹੈ। ਯਾਤਰੀਆਂ ਨੂੰ ਕਸਟਮਜ਼ ਹਾਲ ਵਿੱਚ ਥਾਂ ਬਣਨ ਦੀ ਉਡੀਕ ਕਰਨੀ ਹੋਵੇਗੀ। ਜਿਨ੍ਹਾਂ ਟਰੈਵਲਰਜ਼ ਨੇ ਅੱਗੇ ਕਿਤੇ ਹੋਰ ਜਾਣਾ ਹੁੰਦਾ ਹੈ ਤਾਂ ਉਨ੍ਹਾਂ ਨੂੰ ਆਪਣੀਆਂ ਫਲਾਈਟਸ ਉਸ ਸਮੇਂ ਦੇ ਹਿਸਾਬ ਨਾਲ ਹੀ ਨਿਰਧਾਰਤ ਕਰਨ ਲਈ ਆਖਿਆ ਜਾਵੇਗਾ।

## ਸਕਾਰਬੌਰੋ ਦੀ ਮਸਜਿਦ ਵਿੱਚ ਕੀਤੀ ਗਈ ਤੋੜ-ਭੰਨ੍ਹ ਦੀ ਪੁਲਿਸ ਕਰ ਰਹੀ ਹੈ ਜਾਂਚ



ਟੋਰਾਂਟੋ, 23 ਅਗਸਤ (ਪੋਸਟ ਬਿਊਰੋ) : ਇਸ ਵੀਕੈਂਡ ਉੱਤੇ ਸਕਾਰਬੌਰੋ ਵਿੱਚ ਇੱਕ ਮਸਜਿਦ ਵਿੱਚ ਤੋੜ ਭੰਨ੍ਹ ਕਰਨ ਦੇ ਮਾਮਲੇ ਦੀ ਟੋਰਾਂਟੋ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਕਿੰਗਸਟਨ ਰੋਡ ਤੇ ਬ੍ਰਿਮਲੇ ਰੋਡ ਉੱਤੇ ਸਥਿਤ ਬਾਇਤੁਲ ਜਨ੍ਹਾ ਇਸਲਾਮਿਕ ਸੈਂਟਰ ਉੱਤੇ ਸਥਿਤ ਜਦੋਂ ਇਹ ਮਸਜਿਦ ਐਤਵਾਰ ਸਵੇਰ ਦੀ ਨਮਾਜ਼ ਸਮੇਂ 5:30 ਵਜੇ ਦੇ ਨੇੜੇ ਤੇੜੇ ਖੋਲ੍ਹੀ ਗਈ ਤਾਂ ਇਸ ਤੋੜ ਭੰਨ੍ਹ ਦਾ ਪਤਾ ਲੱਗਿਆ।ਨਮਾਜ਼ ਅਦਾ ਕਰਨ ਲਈ ਇੱਥੇ ਬਣਾਏ ਗਏ ਕਈ ਕਮਰਿਆਂ ਵਿੱਚ ਤੋੜ ਭੰਨ੍ਹ ਕੀਤੀ ਗਈ ਸੀ ਤੇ ਕੁਰਾਨ ਦੀਆਂ ਕਈ ਕਾਪੀਆਂ ਜ਼ਮੀਨ ਉੱਤੇ ਸੁੱਟੀਆਂ ਗਈਆਂ ਸਨ। ਦੋ ਡੋਨੇਸ਼ਨ ਬਾਕਸ ਵੀ ਤੋੜੇ ਗਏ ਸਨ ਤੇ ਸਾਰੇ ਆਫਿਸ ਵਿੱਚ ਤੋੜ ਭੰਨ੍ਹ ਕੀਤੀ ਗਈ ਸੀ।

ਬਾਇਤੁਲ ਜਨ੍ਹਾ ਇਸਲਾਮਿਕ ਸੈਂਟਰ ਦੇ ਪ੍ਰੈਜ਼ੀਡੈਂਟ ਅਤੀਕਾਰ ਰਹਿਮਾਨ ਨੇ ਆਖਿਆ ਕਿ ਇਹ ਬੜੇ ਦੁੱਖ ਦੀ ਗੱਲ ਹੈ ਕਿ ਇਹ ਸਾਡੀ ਕਮਿਊਨਿਟੀ ਵਿੱਚ ਹੋ ਰਿਹਾ ਹੈ ਤੇ ਸਾਡੀ ਮਸਜਿਦ ਵਿੱਚ ਹੋ ਰਿਹਾ ਹੈ। ਰਹਿਮਾਨ ਨੇ ਆਖਿਆ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਮਸ਼ਕੂਕ ਰਾਤ ਸਮੇਂ ਕਿਸੇ ਵੇਲੇ ਮਸਜਿਦ ਵਿੱਚ ਦਾਖਲ ਹੋਏ ਹੋਣਗੇ ਤੇ ਇਸ ਕਾਰੇ ਨੂੰ ਅੰਜਾਮ ਦਿੱਤਾ ਗਿਆ ਹੋਵੇਗਾ। ਉਨ੍ਹਾਂ ਆਖਿਆ ਕਿ ਸਵੇਰ ਸਮੇਂ ਜਦੋਂ ਉਹ ਮਸਜਿਦ ਪਹੁੰਚੇ ਤਾਂ ਸਾਰੇ ਖਿੜਕੀਆਂ, ਦਰਵਾਜ਼ੇ ਖੁੱਲ੍ਹੇ ਹੋਏ ਸਨ।

ਇਸ ਤੋੜ ਭੰਨ੍ਹ ਤੋਂ ਬਿਨਾਂ ਕਈ ਸਰਵੇਲੈਂਸ ਕੈਮਰੇ ਡਿਸਕੁਨੈਕਟ ਕੀਤੇ ਗਏ ਸਨ ਤੇ ਸਰਵੇਲੈਂਸ ਸਿਸਟਮ ਦਾ ਡਿਜੀਟਲ ਵੀਡੀਓ ਰਿਕਾਰਡਰ ਵੀ ਚੋਰੀ ਕਰ ਲਿਆ ਗਿਆ ਸੀ।ਉਨ੍ਹਾਂ ਆਖਿਆ ਕਿ ਇਸ ਸੱਭ ਕਾਸੇ ਦੀ ਯੋਜਨਾ ਪਹਿਲਾਂ ਹੀ ਬਣਾ ਲਈ ਗਈ ਲੱਗਦੀ ਸੀ ਇਸ ਲਈ ਉਨ੍ਹਾਂ ਕੋਲ ਵਿਖਾਉਣ ਲਈ ਕੁੱਝ ਵੀ ਨਹੀਂ ਹੈ। ਇਸ ਤੋਂ ਪਹਿਲਾਂ ਵੀ ਕਈ ਵਾਰੀ ਇਸ ਮਸਜਿਦ ਨੂੰ ਨਿਸ਼ਾਨਾ ਬਣਾਇਆ ਜਾ ਚੁੱਕਿਆ ਹੈ। ਕਈ ਵਾਰੀ ਇੱਥੇ ਚੋਰੀ ਹੋ ਚੁੱਕੀ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਹੈਮਿਲਟਨ ਨਾਈਟ ਕਲੱਬ ਨਾਲ ਜੁੜੇ 24 ਮਾਮਲੇ ਆਏ ਸਾਹਮਣੇ

...ਪੰਨਾ 1 ਦਾ ਬਾਕੀ

ਪਬਲਿਕ ਹੈਲਥ ਅਧਿਕਾਰੀਆਂ ਵੱਲੋਂ ਇਹ ਸਲਾਹ ਦਿੱਤੀ ਜਾ ਰਹੀ ਹੈ ਕਿ 7 ਅਗਸਤ, 13 ਅਗਸਤ ਤੇ 14 ਅਗਸਤ ਨੂੰ ਸਿਜ਼ਲ ਨਾਈਟਕਲੱਬ ਵਿੱਚ ਜਾ ਕੇ ਆਏ ਲੋਕ ਆਪਣਾ ਕੋਵਿਡ-19 ਸਬੰਧੀ ਟੈਸਟ ਜ਼ਰੂਰ ਕਰਵਾਉਣ ਤੇ ਇਸ ਦੇ ਨਾਲ ਹੀ ਕੋਵਿਡ-19 ਦੇ ਲੱਛਣਾਂ ਦਾ ਵੀ ਧਿਆਨ ਰੱਖਣ।

ਇਸ ਕਲੱਬ ਨਾਲ ਜੁੜੇ 9 ਮਾਮਲੇ ਸਾਹਮਣੇ ਆਉਣ ਤੋਂ ਬਾਅਦ ਸ਼ੁੱਕਰਵਾਰ ਨੂੰ ਸੱਭ ਤੋਂ ਪਹਿਲਾਂ ਇੱਥੇ ਆਊਟਬ੍ਰੇਕ ਐਲਾਨੀ ਗਈ ਸੀ। ਉਸ ਤੋਂ ਬਾਅਦ ਇਨ੍ਹਾਂ ਮਾਮਲਿਆਂ ਵਿੱਚ ਵਾਧਾ ਨਜ਼ਰ ਆ ਰਿਹਾ ਹੈ ਤੇ ਸੋਮਵਾਰ ਨੂੰ ਇਸ ਨਾਈਟ ਕਲੱਬ ਨਾਲ ਜੁੜੇ 24 ਮਾਮਲੇ ਸਾਹਮਣੇ ਆਏ।

## ਦਿਨ ਦਿਹਾੜੇ ਚੱਲੀ ਗੋਲੀ ਵਿੱਚ ਇੱਕ ਜ਼ਖ਼ਮੀ




ਟੋਰਾਂਟੋ, 23 ਅਗਸਤ (ਪੋਸਟ ਬਿਊਰੋ) : ਟੋਰਾਂਟੋ ਦੇ ਈਸਟ ਯੌਰਕ ਵਿੱਚ ਦਿਨ ਦਿਹਾੜੇ ਚਲਾਈ ਗਈ ਗੋਲੀ ਕਾਰਨ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇੱਕ ਵਿਅਕਤੀ ਨੇ 911 ਉੱਤੇ ਕਾਲ ਕਰਕੇ ਆਖਿਆ ਕਿ ਪੇਪ ਤੇ ਕੌਸਬਰਨ ਐਵਨਿਊਜ਼ ਨੇੜੇ ਉਸ ਨੂੰ ਗੋਲੀ ਲੱਗੀ ਹੈ। ਟੋਰਾਂਟੋ ਪੈਰਾਮੈਡਿਕਸ ਨੇ ਆਖਿਆ ਕਿ ਉਹ ਸਵੇਰੇ 11:10 ਵਜੇ ਮੌਕੇ ਉੱਤੇ ਪਹੁੰਚੇ ਤੇ ਉਨ੍ਹਾਂ ਪਾਇਆ ਕਿ ਇੱਕ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਪਿਆ ਹੈ।

ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਪੁਲਿਸ ਨੇ ਆਖਿਆ ਕਿ ਉਹ ਇੱਕ ਮਸ਼ਕੂਕ ਦੀ ਭਾਲ ਕਰ ਰਹੇ ਹਨ ਤੇ ਇਸ ਸਬੰਧ ਵਿੱਚ ਜਾਣਕਾਰੀ ਰੱਖਣ ਵਾਲਾ 54ਵੀਂ ਡਵੀਜ਼ਨ ਜਾਂ ਕ੍ਰਾਈਮ ਸਟੌਪਰਜ਼ ਨਾਲ ਸੰਪਰਕ ਕਰ ਸਕਦਾ ਹੈ।

## ਛੁਰੇਬਾਜ਼ੀ ਕਾਰਨ ਇੱਕ ਜ਼ਖ਼ਮੀ

ਬਰੈਂਪਟਨ, 23 ਅਗਸਤ (ਪੋਸਟ ਬਿਊਰੋ) : ਬਰੈਂਪਟਨ ਵਿੱਚ ਹੋਈ ਛੁਰੇਬਾਜ਼ੀ ਦੀ ਵਾਰਦਾਤ ਦੀ ਪੀਲ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਾਮੀਂ 6:25 ਉੱਤੇ ਕੈਂਬ੍ਰਿੱਜ ਕ੍ਰੀਸੈਂਟ ਤੇ ਗ੍ਰੈਂਟਾ ਡਰਾਈਵ ਏਰੀਆ ਵਿੱਚ ਇੱਕ ਵਿਅਕਤੀ ਦੇ ਛੁਰੇਬਾਜ਼ੀ ਕਾਰਨ ਜ਼ਖ਼ਮੀ ਹੋਣ ਦੀ ਖਬਰ ਮਿਲੀ। ਮੌਕੇ ਉੱਤੇ ਪਹੁੰਚੇ ਅਧਿਕਾਰੀਆਂ ਨੇ ਪਾਇਆ ਕਿ ਚਾਕੂ ਲੱਗਣ ਕਾਰਨ ਇੱਕ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਸੀ।ਉਸ ਨੂੰ ਹਸਪਤਾਲ ਲਿਜਾਇਆ ਗਿਆ। ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।

ਇਸ ਸਬੰਧ ਵਿੱਚ ਜਾਣਕਾਰੀ ਰੱਖਣ ਵਾਲੇ ਨੂੰ ਪੁਲਿਸ ਨੇ ਸਿੱਧਾ ਸੰਪਰਕ ਕਰਨ ਲਈ ਆਖਿਆ ਹੈ।

## ਬਾਸਕਿਟਬਾਲ ਟੂਰਨਾਮੈਂਟ ਤੋਂ ਬਾਅਦ 7000 ਲੋਕਾਂ ਨੂੰ ਕੋਵਿਡ-19 ਟੈਸਟ ਕਰਵਾਉਣ ਦੀ ਅਪੀਲ




ਦਰਹਾਮ, 23 ਅਗਸਤ (ਪੋਸਟ ਬਿਊਰੋ) : ਪਿੱਛੇ ਜਿਹੇ ਦਰਹਾਮ ਰੀਜਨ ਵਿੱਚ ਹੋਏ ਬਾਸਕਿਟਬਾਲ ਟੂਰਨਾਮੈਂਟ ਵਿੱਚ ਹਿੱਸਾ ਲੈਣ ਵਾਲੇ ਲੋਕਾਂ ਨੂੰ ਆਪਣਾ ਕੋਵਿਡ-19 ਟੈਸਟ ਕਰਵਾਉਣ ਲਈ ਹੈਲਥ ਅਧਿਕਾਰੀਆਂ ਵੱਲੋਂ ਅਪੀਲ ਕੀਤੀ ਜਾ ਰਹੀ ਹੈ। ਇਸ ਟੂਰਨਾਮੈਂਟ ਨੂੰ ਵੇਖਣ ਲਈ 7000 ਦੇ ਨੇੜੇ ਤੇੜੇ ਲੋਕ ਆਏ ਸਨ। ਇਸ ਈਵੈਂਟ ਨਾਲ ਜੁੜੇ ਕੋਵਿਡ-19 ਦੇ ਕਈ ਮਾਮਲੇ ਸਾਹਮਣੇ ਆਏ ਹਨ।

ਇੱਕ ਰਲੀਜ਼ ਵਿੱਚ ਦਰਹਾਮ ਰੀਜਨਲ ਹੈਲਥ ਡਿਪਾਰਟਮੈਂਟ ਨੇ ਆਖਿਆ ਕਿ 43ਵੇਂ ਸਾਲਾਨਾ ਜੇਨ ਐਂਡ ਫਿੰਚ ਕਲਾਸਿਕ ਬਾਸਕਿਟਬਾਲ ਟੂਰਨਾਮੈਂਟ ਵਿੱਚ 7000 ਲੋਕ ਸ਼ਾਮਲ ਹੋਏ ਤੇ ਇਹ ਮੁਕਾਬਲਾ 3 ਅਗਸਤ ਤੋਂ 8 ਅਗਸਤ ਤੱਕ 1313 ਬਾਊਂਡਰੀ ਰੋਡ ਉੱਤੇ ਸਥਿਤ ਪਲੇਅਗ੍ਰਾਊਂਡ ਗਲੋਬਲ ਫੈਸਿਲਿਟੀ ਉੱਤੇ ਕਰਵਾਇਆ ਗਿਆ। ਇੱਕ ਰਲੀਜ਼ ਵਿੱਚ ਹੈਲਥ ਡਿਪਾਰਟਮੈਂਟ ਨੇ ਆਖਿਆ ਕਿ ਇਸ ਈਵੈਂਟ ਨਾਲ ਜੁੜੇ ਕੋਵਿਡ-19 ਦੇ ਕਈ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਸਾਰੇ ਖਿਡਾਰੀਆਂ ਤੇ ਦਰਸ਼ਕਾਂ ਤੱਕ ਪਹੁੰਚਣਾ ਕਾਫੀ ਮੁਸ਼ਕਲ ਹੋ ਰਿਹਾ ਹੈ।

ਇਸ ਮੁਕਾਬਲੇ ਵਿੱਚ ਓਨਟਾਰੀਓ ਭਰ ਦੀਆਂ ਟੀਮਾਂ ਤੋਂ ਇਲਾਵਾ ਹੋਰਨਾਂ ਪ੍ਰੋਵਿੰਸਾਂ ਤੋਂ ਵੀ ਟੀਮਾਂ ਸ਼ਾਮਲ ਹੋਈਆਂ ਸਨ। ਇਸ ਈਵੈਂਟ ਨਾਲ ਜੁੜੇ 20 ਮਾਮਲੇ ਸਾਹਮਣੇ ਆ ਚੁੱਕੇ ਹਨ। ਇਸ ਸਬੰਧ ਵਿੱਚ ਰਸਮੀ ਤੌਰ ਉੱਤੇ ਆਊਟਬ੍ਰੇਕ ਵੀ ਐਲਾਨੀ ਜਾ ਚੁੱਕੀ ਹੈ। ਪਾਜ਼ੀਟਿਵ ਆਏ ਲੋਕ ਕਿਊਬਿਕ, ਪੀਲ, ਟੋਰਾਂਟੋ ਤੇ ਦਰਹਾਮ ਨਾਲ ਸਬੰਧਤ ਹਨ। ਹੈਲਥ ਡਿਪਾਰਟਮੈਂਟ ਵੱਲੋਂ ਅਪੀਲ ਕੀਤੀ ਗਈ ਹੈ ਕਿ ਇਸ ਈਵੈਂਟ ਵਿੱਚ ਹਿੱਸਾ ਲੈਣ ਵਾਲੇ ਲੋਕ ਆਪਣਾ ਟੈਸਟ ਜ਼ਰੂਰ ਕਰਵਾਉਣ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


## ਭਾਰਤ ਸਰਕਾਰ ਅਫਗਾਨਿਸਤਾਨ ਵਿਚਲੇ ਹਾਲਾਤ ਉੱਤੇ ਸਰਬ ਪਾਰਟੀ ਮੀਟਿੰਗ ਕਰੇਗੀ



ਨਵੀਂ ਦਿੱਲੀ, 23 ਅਗਸਤ, (ਪੋਸਟ ਬਿਊਰੋ)- ਅਫਗਾਨਿਸਤਾਨ ਉੱਤੇ ਤਾਲਿਬਾਨ ਦੇ ਕਬਜ਼ੇ ਕਰਨ ਨਾਲ ਬਣੀ ਸਥਿਤੀ ਬਾਰੇ ਭਾਰਤ ਦਾ ਵਿਦੇਸ਼ ਮੰਤਰਾਲਾ ਪਾਰਲੀਮੈਂਟ ਦੇ ਦੋਵਾਂ ਸਦਨਾਂ ਵਿਚਲੇ ਪਾਰਟੀ ਨੇਤਾਵਾਂ ਨੂੰ ਜਾਣਕਾਰੀ ਦੇਵੇਗਾ। ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਇਸ ਬਾਰੇ ਟਵੀਟ ਕੀਤਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਭ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਅਫਗਾਨਿਸਤਾਨ ਦੀ ਤਾਜ਼ਾ ਸਥਿਤੀ ਬਾਰੇ ਸੂਚਨਾ ਦੇਣ ਦੇ ਆਦੇਸ਼ ਦਿੱਤੇ ਹਨ।

ਵਰਨਣ ਯੋਗ ਹੈ ਕਿ ਅਫਗਾਨਿਸਤਾਨ ਵਿਚ ਤਾਲਿਬਾਨ ਦੇ ਕਬਜ਼ੇ ਪਿੱਛੋਂ ਅਮਰੀਕਾ, ਭਾਰਤ, ਬ੍ਰਿਟੇਨ ਆਦਿ ਕਈ ਦੇਸ਼ ਉੱਥੇ ਫਸੇ ਆਪਣੇ ਨਾਗਰਿਕਾਂ ਨੂੰ ਜਹਾਜ਼ਾਂ ਰਾਹੀਂ ਕੱਢ ਰਹੇ ਹਨ। ਭਾਰਤ ਨੇ ਵੀ ਓਥੇ ਫਸੇ ਭਾਰਤੀਆਂ ਨੂੰ ਕੱਢਣ ਲਈ ਕਾਬੁਲ ਤੋਂ ਰੋਜ਼ ਦੋ ਉਡਾਣਾਂ ਚਲਾਉਣ ਦਾ ਫੈਸਲਾ ਕੀਤਾ ਅਤੇ ਕਿਹਾ ਹੈ ਕਿ ਓਥੇ ਫਸੇ ਹਿੰਦੂਆਂ ਤੇ ਸਿੱਖਾਂ ਤੋਂ ਬਿਨਾ ਹੋਰ ਲੋੜਵੰਦਾਂ ਦੀ ਮਦਦ ਵੀ ਕਰੇਗਾ। ਵਿਦੇਸ਼ ਮੰਤਰੀ ਜੈਸ਼ੰਕਰ ਨੇ ਟਵੀਟ ਵਿੱਚ ਕਿਹਾ, "ਅਫਗਾਨਿਸਤਾਨ ਦੀ ਹਾਲਤ ਕਾਰਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਦੇਸ਼ ਮੰਤਰਾਲੇ ਨੂੰ ਕਿਹਾ ਹੈ ਕਿ ਉਹ ਇਸ ਬਾਰੇ ਸਭ ਪਾਰਟੀਆਂ ਦੇ ਆਗੂਆਂ (ਫਲੋਰ ਲੀਡਰਜ਼) ਨੂੰ ਜਾਣਕਾਰੀ ਦੇਣ।ਇਸ ਬਾਰੇ ਪਾਰਲੀਮੈਂਟਰੀ ਮਾਮਲਿਆਂ ਦੇ ਮੰਤਰੀ ਪੂਰੀ ਜਾਣਕਾਰੀ ਦੇਣਗੇ।

ਦੂਸਰੇ ਪਾਸੇ ਅੱਜ ਸੋਮਵਾਰ ਨੂੰ ਚਾਰ ਵੱਖ-ਵੱਖ ਜਹਾਜ਼ਾਂ ਰਾਹੀਂਅਫਗਾਨਿਸਤਾਨਤੋਂ ਕੱਢੇ 146 ਭਾਰਤੀ ਨਾਗਰਿਕ ਕਤਰ ਦੀ ਰਾਜਧਾਨੀ ਤੋਂ ਭਾਰਤ ਪੁੱਜੇ। ਇਨ੍ਹਾਂ ਨੂੰ ਪਿਛਲੇ ਦਿਨਾਂ ਵਿਚ ਅਮਰੀਕਾ ਅਤੇ ਉੱਤਰੀ ਐਟਲਾਂਟਿਕ ਸੰਧੀ ਸੰਗਠਨ (ਨਾਟੋ) ਦੇ ਜਹਾਜ਼ਾਂ ਉੱਤੇ ਕਾਬੁਲ ਤੋਂ ਦੋਹਾ ਲਿਜਾਇਆ ਗਿਆ ਸੀ। ਜਾਣਕਾਰ ਸੂਤਰਾਂਮੁਤਾਬਕ ਅਫਗਾਨਿਸਤਾਨ ਉੱਤੇਤਾਲਿਬਾਨ ਦੇ ਕਬਜ਼ੇ ਪਿੱਛੋਂ ਓਥੇ ਫਸੇ ਆਪਣੇ ਨਾਗਰਿਕਾਂ ਅਤੇ ਅਫਗਾਨ ਦੋਸਤਾਂ ਨੂੰ ਕੱਢਣ ਦੀ ਭਾਰਤ ਦੀ ਮੁਹਿੰਮ ਵਜੋਂ ਦਿੱਲੀ ਲਿਆਂਦਾ ਗਿਆ ਹੈ। ਕਾਬੁਲਤੋਂ ਨਿਕਾਸੀ ਸ਼ੁਰੂ ਹੋਣ ਪਿੱਛੋਂ ਦੋਹਾ ਤੋਂ ਭਾਰਤ ਲਿਆਂਦੇ ਲੋਕਾਂ ਦਾ ਇਹ ਦੂਸਰਾ ਗਰੁੱਪ ਹੈ। ਇਸ ਤੋਂ ਪਹਿਲਾਂ ਐਤਵਾਰ ਨੂੰ ਦੋਹਾ ਤੋਂ 135 ਭਾਰਤੀ ਵਿਸ਼ੇਸ਼ ਜਹਾਜ਼ ਰਾਹੀਂ ਦਿੱਲੀ ਪਹੁੰਚੇ ਸਨ।

## ਤਾਲਿਬਾਨ ਦੀ ਅਮਰੀਕਾ ਨੂੰ ਚਿਤਾਵਨੀ: 31 ਅਗਸਤ ਤਕ ਅਫ਼ਗਾਨਿਸਤਾਨ ਤੋਂ ਫੌਜ ਨਾ ਕੱਢੀ ਤਾਂ ਗੰਭੀਰ ਸਿੱਟੇ ਭੁਗਤਣੇ ਪੈਣਗੇ

ਵਾਸ਼ਿੰਗਟਨ, 23 ਅਗਸਤ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਜੋ ਬਾਇਡਨ ਨੇ ਪਹਿਲਾਂ ਇਹ ਕਿਹਾ ਸੀ ਕਿ ਅਫ਼ਗਾਨਿਸਤਾਨ ਤੋਂ ਫ਼ੌਜ ਦੀ ਵਾਪਸੀ ਦਾ ਮਿਸ਼ਨ 31 ਅਗਸਤ ਤਕ ਪੂਰਾ ਹੋਵਗਾ, ਪਰ ਉਸ ਪਿੱਛੋਂ ਫੌਜਾਂ ਕੁਝ ਸਮਾਂ ਹੋਰ ਓਥੇ ਰੱਖਣ ਉੱਤੇ ਚਰਚਾ ਹੋ ਰਹੀ ਹੈ। ਇਸ ਲਈ ਮਾਮਲਾ ਭਖਦਾ ਨਜ਼ਰ ਆ ਰਿਹਾ ਹੈ। ਸਥਾਨਕ ਮੀਡੀਆ ਮੁਤਾਬਕ ਤਾਲਿਬਾਨ ਨੇ ਅਮਰੀਕਾ ਨੂੰ ਸਾਫ਼ ਸ਼ਬਦਾਂ ਵਿੱਚ ਫੌਜਾਂ ਕੱਢਣ ਲਈ ਧਮਕੀ ਦੇ ਦਿੱਤੀ ਹੈ। ਤਾਲਿਬਾਨ ਦੇ ਬੁਲਾਰੇ ਸੋਹੇਲ ਸ਼ਾਹੀਨ ਨੇ ਬਿਆਨ ਦਿੱਤਾ ਹੈ ਕਿ ਜੇ ਅਮਰੀਕਾ ਆਪਣੇ ਫੌਜੀ ਕੱਢਣ ਦੀਦੇਰੀ ਕਰੇਗਾ ਤਾਂ ਗੰਭੀਰ ਨਤੀਜੇ ਭੁਗਤਣੇ ਪੈਣਗੇ। ਨਿਊਜ਼ ਏਜੰਸੀ ਸਿਨਹੁਆ ਦੀ ਰਿਪੋਰਟ ਮੁਤਾ-ਬਕ ਐਤਵਾਰ ਵ੍ਹਾਈਟ ਹਾਊਸ ਵਿੱਚ ਪੱਤਰਕਾਰਾਂ ਨੂੰ ਸੰਬੋਧਤ ਕਰਦੇ ਹੋਏ ਬਾਈਡਨ ਤੋਂ ਜਦੋਂ 31 ਅਗਸਤ ਦੀ ਮਿਆਦ ਨੇੜੇ ਆਉਣਬਾਰੇ ਪੁੱਛਿਆ ਉਨ੍ਹਾਂ ਨੇ ਕਿਹਾ ਕਿ ਸਾਡੇ ਅਤੇ ਫੌਜ ਵਿੱਚਤਰੀਕ ਦੀ ਵਾਧੇ ਦੀ ਚਰਚਾ ਚਲ ਰਹੀ ਹੈ। ਸਾਨੂੰਆਸ ਹੈ ਕਿ ਸਾਨੂੰ ਵਾਧਾ ਨਹੀਂ ਕਰਨਾ ਪਵੇਗਾ। ਉਨ੍ਹਾਂ ਨੇ ਕਿਹਾ ਕਿ ਮੈਨੂੰ ਸ਼ੱਕ ਹੈ ਕਿ ਅਸੀਂ ਇਸ ਪ੍ਰਕਿਰਿਆਤੋਂ ਹਾਲੇ ਦੂਰ ਹਾਂ।

ਦੂਸਰੇ ਪਾਸੇ ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਸਿੰਗਾਪੁਰ ਪਹੁੰਚ ਕੇ ਕਿਹਾ ਕਿ ਅਮਰੀਕਾ ਹਾਲੇ ਆਪਣਾ ਪੂਰਾ ਧਿਆਨ ਅਫ਼ਗਾਨਿਸਤਾਨ ਤੋਂ ਲੋਕਾਂ ਨੂੰ ਕੱਢਣ ਉੱਤੇਲਾ ਰਿਹਾ ਹੈ, ਇਸ ਪਿੱਛੋਂ ਅਮਰੀਕੀ ਫ਼ੌਜ ਨੂੰ ਹਟਾਉਣ ਬਾਰੇ ਵਿਚਾਰ ਕਰਨ ਉੱਤੇ ਕਾਫ਼ੀ ਸਮਾਂ ਮਿਲੇਗਾ। ਕਮਲਾ ਹੈਰਿਸ ਨੇ ਅੱਜ ਸੋਮਵਾਰ ਸਿੰਗਾਪੁਰ ਦੇ ਪ੍ਰਧਾਨ ਮੰਤਰੀ ਲੀ ਸੇਨ ਲੁੰਗ ਅਤੇ ਰਾਸ਼ਟਰਪਤੀ ਹਲੀਮਾ ਯਾਕੂਬ ਨਾਲ ਮੁਲਾਕਾਤ ਕੀਤੀ ਅਤੇ ਇਸ ਖੇਤਰ ਵਿੱਚ ਚੀਨ ਦੇ ਵਧ ਰਹੇ ਆਰਥਿਕ ਤੇ ਸੁਰੱਖਿਆ ਪ੍ਰਭਾਵ ਨੂੰ ਘੱਟ ਕਰਨ ਬਾਰੇ ਵਿਚਾਰ ਕੀਤੀ। ਲੀ ਨੇ ਇਸ ਬੈਠਕ ਪਿੱਛੋਂ ਸਾਂਝੀ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਵੀਹ ਸਾਲ ਪਹਿਲਾਂ ਅਮਰੀਕਾ ਦੇ ਅਫ਼ਗਾਨਿਸਤਾਨਪਹੁੰਚਣ ਨਾਲ ਉਸ ਦੇਸ਼ ਨੂੰ ਅੱਤਵਾਦੀ ਸੰਗਠਨਾਂ ਨੇ ਸੁਰੱਖਿਅਤ ਅੱਡਾ ਮੰਨਣਾ ਬੰਦ ਕਰ ਦਿੱਤਾਸੀ, ਸਿੰਗਾਪੁਰ ਇਸ ਦੇ ਲਈ ਧੰਨਵਾਦੀ ਹੈ ਅਤੇਉਮੀਦ ਹੈ ਕਿ ਅਫ਼ਗਾਨਿਸਤਾਨ ਦੋਬਾਰਾ ਅੱਤਵਾਦੀ ਸੰਗਠਨਾਂ ਦਾ ਗੜ੍ਹ ਨਹੀਂ ਬਣੇਗਾ।ਉਨ੍ਹਾ ਕਿਹਾ ਕਿ ਸਿੰਗਾ-ਪੁਰ ਨੇ ਅਫ਼ਗਾਨਿਸਤਾਨਨੂੰ ਆਪਣੀ ਫ਼ੌਜਇਸ ਲਈ ਭੇਜੀ ਹੈ ਤਾਂ ਜੋ ਅੱਤਵਾਦ ਖ਼ਿਲਾਫ਼ ਸੰਸਾਰ ਦੀ ਲੜਾਈ ਕਮਜ਼ੋਰ ਨਾ ਪਵੇ।


ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।

ਸੰਪਰਕ: ਅਜੈਬ ਸਹੋਤਾ

4165618882, 4164544587

# ਅੰਗਹੀਣਾਂ ਨੂੰ ਨਾ ਕੀਤਾ ਜਾਵੇ ਧਰਨਿਆਂ ਲਈ ਮਜ਼ਬੂਰ


ਓਮੇਸ਼ ਕੁਮਾਰ

ਜਿਸ ਤਰ੍ਹਾਂ ਪਿਛਲੇ ਲੰਮੇ ਸਮੇ ਤੋ ਵੱਖ ਵੱਖ ਰੀਤੀ ਰਿਵਾਜਾਂ ਮੁਤਾਬਕ ਦਿਵਾਲੀ, ਦੁਸਹਿਰਾ, ਰੱਖੜੀ, ਵਿਸਾਖੀ, ਈਦ ਆਦਿ ਹਰ ਤਰ੍ਹਾਂ ਦੇ ਤਿਉਹਾਰ ਸਾਲ ਬਾਅਦ ਆਉਦੇ ਹਨ ਅਤੇ ਲੀਪ ਦਾ ਸਾਲ 4 ਸਾਲ ਬਾਅਦ ਆਉਦਾ ਹੈ ਉਸ ਤਰ੍ਹਾਂ ਹੀ ਧਰਨਿਆ ਦਾ ਸਾਲ ਵੀ ਹਰੇਕ ਪੰਜ ਸਾਲ ਬਾਅਦ ਆਉਦਾ ਕਹਿ ਦੇਈਏ ਤਾਂ ਇਸ ਵਿੱਚ ਕੋਈ ਅਤਕਥਨੀ ਨਹੀ ਹੋਵੇਗੀ । ਲੱਗਭੱਗ ਹਰੇਕ ਸਟੇਟ ਵਿੱਚ ਪੰਜ ਸਾਲ ਬਾਅਦ ਵਿਧਾਨ ਸਭਾ ਅਤੇ ਲੋਕ ਸਭਾ ਦੇ ਇਲੈਕਸ਼ਨ ਆਉਦੇ ਹਨ । ਵੱਖ ਵੱਖ ਪਾਰਟੀਆਂ ਆਪਣੀ ਸਰਕਾਰ ਬਣਾਉਣ ਲਈ ਹਰ ਤਰ੍ਹਾਂ ਦੇ ਵਰਗ ਨੂੰ ਧਿਆਨ ਵਿੱਚ ਰੱਖ ਕੇ ਮੈਨੀਫੈਸਟੋ ਤਿਆਰ ਕਰਦੀਆਂ ਹਨ ਜਿਵੇ ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਹੈਡੀਕੈਪਟ ਪੈਨਸ਼ਨ, ਗਲੀਆਂ-ਨਾਲੀਆਂ ਬਣਾ ਕੇ ਦੇਣ, ਸਸਤੀ ਬਿਜਲੀ, ਵੱਖ ਵੱਖ ਤਰ੍ਹਾਂ ਦੀਆਂ ਸਬਸਿਡੀਆਂ, ਫਰੀ ਸਿੰਲਡਰ, ਕਰਜਾ ਮੁਆਫੀ, ਆਟਾ-ਦਾਲ ਆਦਿ । ਇੰਨੇ ਲੋਕ ਲੁਭਾਉ ਲਾਰੇ ਲਾ ਕੇ ਭੋਲੇ ਭਾਲੇ ਲੋਕਾਂ ਤੋ ਵੋਟਾਂ ਵਸੂਲ ਕੇ ਜਦ ਕਿਸੇ ਵੀ ਪਾਰਟੀ ਦੀ ਸਰਕਾਰ ਬਣ ਕੇ ਆਪਣੇ ਮੈਨੀਫੈਸਟੋ ਵਿੱਚ ਕੀਤੇ ਵਾਅਦੇ ਨਿਭਾਉਣ ਵਿੱਚ ਅਸਮਰਥ ਹੁੰਦੀ ਹੈ ਤਾਂ ਵੱਖ ਵੱਖ ਜਥੇਬੰਦੀਆਂ ਜਿਵੇ : ਭਾਰਤੀ ਕਿਸਾਨ ਯੂਨੀਅਨ, ਅਧਿਆਪਕ ਫਰੰਟ ਯੂਨੀਅਨ, ਮਜਦੂਰ ਯੂਨੀਅਨ ਆਦਿ ਆਪਣੀਆਂ ਮੰਗਾਂ ਨੂੰ ਲੈ ਕੇ ਤਰ੍ਹਾਂ-ਤਰ੍ਹਾਂ ਨਾਲ ਮਜੌਦਾ ਸਰਕਾਰਾਂ ਦਾ ਵਿਰੋਧ ਕਰਦੀਆਂ ਆਮ ਦੇਖੀਆਂ ਜਾਂਦੀਆਂ ਹਨ ਜਿਵੇ : ਸੜਕਾਂ ਅਤੇ ਰੇਲ ਮਾਰਗਾਂ ਨੂੰ ਜਾਮ ਕਰਕੇ ਆਵਾਜਾਈ ਨੂੰ ਪ੍ਰਭਾਵਿਤ ਕਰਨਾ, ਡੀ ਸੀ ਦਫਤਰਾਂ ਅੱਗੇ ਧਰਨੇ ਦੇਣਾ ਮੰਤਰੀਆਂ ਦੇ ਪੁੱਤਲੇ ਸਾੜਨਾਂ ਜਾਂ ਮੰਤਰੀਆਂ ਦੇ ਘਰਾਂ ਦਾ ਘਰਾਓ ਕਰਨਾ ਆਦਿ । ਜਦ ਇਹ ਜਥੇਬੰਦੀਆਂ ਜੋ ਸਰਕਾਰਾਂ ਖਿਲਾਫ ਧਰਨੇ ਦਿੰਦੀਆਂ ਜਾਂ ਰੋਸ ਮੁਜਹਾਰੇ ਕਰਦੀਆਂ ਹਨ ਤਾਂ ਇਹਨਾਂ ਧਰਨਿਆਂ ਨੂੰ ਰੋਕਣ ਲਈ ਵੀ ਸਰਕਾਰਾਂ ਵੱਲੋ ਵੱਖ-ਵੱਖ ਤਰ੍ਹਾਂ ਦੇ ਹੱਥ ਕੰਡੇ ਅਪਣਾਏ (ਪੁੱਖਤਾ ਪ੍ਰਬੰਧ ਕੀਤੇ) ਜਾਂਦੇ ਹਨ ਜਿਵੇ ਅੱਥਰੂ ਗੈਸ ਦੇ ਗੋਲੇ ਸੁੱਟਣਾ , ਪਾਣੀ ਦੀ ਬੁਛਾੜਾ ਤੋ ਇਲਾਵਾ ਪੁਲਿਸ ਦੀਆਂ ਵਧੀਕੀਆਂ ਦਾ ਵੀ ਸਹਾਮਣਾ ਕਰਨਾ ਆਦਿ ਜਿਸ ਨਾਲ ਜਥੇਬੰਦੀਆਂ ਦੇ ਆਗੂਆਂ ਦੀ ਬਜਾਏ ਆਮ ਸਧਾਰਨ ਲੋਕਾਂ ਨੂੰ ਅਨੇਕਾਂ ਪ੍ਰਕਾਰ ਦੇ ਕਸਟ ਸਹਿਣ ਕਰਨ ਦੇ ਨਾਲ-ਨਾਲ ਕਈ ਵਿਅਕਤੀਆਂ ਜਾਂ ਔਰਤਾਂ ਨੂੰ ਤਾਂ ਆਪਣੀ ਜਾਨ ਤੋਂ ਵੀ ਹੱਥ ਧੋਣੇ ਪੈ ਜਾਂਦੇ ਹਨ ਜਿਸ ਨਾਲ ਲੋਕਾਂ ਦੇ ਮਸਲੇ ਜਿਵੇ ਬਿਜਲੀ,ਪਾਣੀ ਦੀ ਸਮੱਸਿਆ, ਕਿਸਾਨ ਨੂੰ ਫਸਲਾਂ ਦੇ ਸਹੀ ਭਾਅ ਨਾ ਮਿਲਣਾ, ਕਿਸਾਨ ਦੀ ਸੋਨੇ ਵਰਗੀ ਫਸਲ ਦਾ ਮੰਡੀਆ ਵਿਚ ਰੁੱਲਣਾ, ਗਰੀਬਾਂ ਤੱਕ ਸਹੂਲਤਾਂ ਦਾ ਬਹੁਤ ਘੱਟ ਪਹੁੰਚ ਕੇ ਕਾਗਜਾਂ ਤੱਕ ਸੀਮਿਤ ਹੋਣਾ, ਮੁਲਾਜਮ ਵਰਗ ਨੂੰ ਸਮੇ ਸਿਰ ਤਨਖਾਹਾਂ ਨਾ ਮਿਲਣਾ, ਆਦਿ ਅੱਧ ਵਿਚਕਾਰ ਹੀ ਲਟਕਦੇ ਰਹਿ ਜਾਂਦੇ ਹਨ ।

ਅਮੀਰ, ਗਰੀਬ ਜਾਂ ਮਧੱਮ ਵਰਗ ਜੋ ਵੀ ਹੋਵੇ ਪ੍ਰਮਾਤਮਾ ਦੀ ਕ੍ਰਿਪਾ ਨਾਲ ਇਨ੍ਹਾਂ ਦੇ ਸਰੀਰ ਤਾਂ ਚੱਲਣ ਫਿਰਨ ਅਤੇ ਕਮਾਉਣ ਦੇ ਕਾਬਲ ਹੁੰਦੇ ਹਨ ਇਸ ਸਭ ਤੋ ਇਲਾਵਾ ਇਕ ਬਹੁਤ ਹੀ ਗੰਭੀਰ ਵਰਗ ਹੈ ਜਿਸ ਬਾਰੇ ਅੱਜ ਤੱਕ ਕਿਸੇ ਵੀ ਸਰਕਾਰ ਨੇ ਸੋਚਣ ਜਾਂ ਉਸ ਵਰਗ ਨੂੰ ਉਚਾ ਚੁੱਕਣ ਦਾ ਜਤਨ ਨਹੀ ਕੀਤਾ ਉਹ ਹੈ ਅੰਗਹੀਣ ਵਰਗ । ਅੰਗਹੀਣ ਵਰਗ ਨੂੰ ਉਚਾ ਚੁੱਕਣ ਦੀ ਬਜਾਏ ਉਨ੍ਹਾਂ ਨੂੰ ਹੈਡੀਕੈਪਟ ਪੈਨਸ਼ਨ ਦਾ ਲਾਰਾ ਲਾਉਣ ਤੋ ਇਲਾਵਾ ਕੋਈ ਵੀ ਸਹੂਲਤ ਨਹੀ ਦਿੱਤੀ । ਕੀ ਅੰਗਹੀਣ ਵਰਗ ਨੂੰ ਸਰਕਾਰਾਂ ਵੱਲੋ ਤਾਂ ਹੀ ਅਣਦੇਖੇ ਕੀਤਾ ਜਾਂਦਾ ਹੈ ਕਿ ਧਰਨੇ ਦੇਣ, ਮੰਤਰੀਆਂ ਦੇ ਪੁਤਲੇ ਸਾੜਨ, ਮੰਤਰੀਆਂ ਦਾ ਘਰਾਓ ਕਰਨ ਜਾਂ ਫਿਰ ਇਹ ਆਪਣੀ ਵੱਡੇ ਪੱਧਰ ਤੇ ਯੂਨੀਅਨ ਬਣਾਉਣ ਤੋ ਅਸਮਰਥ ਹੁੰਦੇ ਹਨ ।

ਅੰਤ ਵਿੱਚ ਮੈ ਇਹੀ ਕਹਿਣਾ ਚਾਹਾਂਗਾਂ ਕਿ ਜਿਆਦਾਤਰ ਅੰਗਹੀਣ ਵਿਆਕਤੀ ਵੀ ਆਮ ਵਾਂਗ ਕੁੱਝ ਕੁ ਨੂੰ ਛੱਡ ਕੇ ਆਪਣਾ ਕਾਰੋਬਾਰ ਕਰਕੇ ਆਪਣੇ ਪੈਰਾਂ ਤੇ ਖੜਾ ਹੋਣ ਵਿੱਚ ਵਿਸਵਾਸ ਰੱਖਦੇ ਹਨ ਜਦ ਕਿ ਆਰਥਿਕ ਪੱਖੋ ਕਮਜੋਰ ਹੋਣ ਕਰਕੇ ਅੱਗੇ ਵਧਣ ਤੋ ਅਸਮਰਥ ਹੋ ਜਾਂਦੇ ਹਨ । ਪਰ ਜੇਕਰ ਸਰਕਾਰਾਂ ਹੈਡੀਕੈਪਟਾਂ ਨੂੰ ਵੀ ਆਪਣੇ ਪੈਰਾਂ ਖੜੇ ਕਰਨ ਲਈ ਜਤਨਸੀਲ ਹੋਣ ਤਾਂ ਉਨ੍ਹਾਂ ਨੂੰ ਬਿਨ੍ਹਾਂ ਵਿਆਜ ਅਸਾਨ ਕਿਸਤਾਂ ਤੇ ਲੋਨ ਦੇਣੇ ਚਾਹੀਦੇ ਹਨ ਤਾਂ ਜੋ ਅੰਗਹੀਣ ਕਿਸੇ ਦਾ ਮੁਥਾਜ ਨਾ ਹੋ ਕੇ ਆਪਣੇ ਪੈਰਾ ਤੇ ਖੜਾ ਹੋ ਕੇ ਦੇਸ ਦੀ ਤਰੱਕੀ ਵਿੱਚ ਵੱਧ ਤੋ ਵੱਧ ਹਿਸਾ ਪਾ ਸਕੇ ।

# ਸੋਸ਼ਲ ਮੀਡੀਆ ਦੇ ਚੰਗੇ-ਮਾੜੇ ਪੱਖ

ਕਿਹਾ ਜਾਂਦਾ ਹੈ ਕਿ ਜਾਣਕਾਰੀ ਦੋ ਧਾਰੀ ਤਲਵਾਰ ਵਰਗੀ ਹੁੰਦੀ ਹੈ। ਇੱਕ ਪਾਸੇ ਇਸਦੀ ਵਰਤੋਂ ਉਲਝਣ ਅਤੇ ਤਬਾਹੀ ਫੈਲਾਉਣ ਲਈ ਕੀਤੀ ਜਾ ਸਕਦੀ ਹੈ, ਦੂਜੇ ਪਾਸੇ ਇਸਨੂੰ ਰਚਨ-ਾਤਮਕ ਕਾਰਜਾਂ ਵਿੱਚ ਵੀ ਵਰਤਿਆ ਜਾ ਸਕਦਾ ਹੈ। ਸੂਚਨਾ ਕ੍ਰਾਂਤੀ ਦੇ ਇਸ ਆਧੁਨਿਕ ਯੁੱਗ ਵਿੱਚ, ਸੋਸ਼ਲ ਮੀਡੀਆ ਦੀ ਭੂਮਿਕਾ ਬਾਰੇ ਹਮੇਸ਼ਾਂ ਪ੍ਰਸ਼ਨ ਉੱਠਦੇ ਰਹੇ ਹਨ। ਇਹ ਪ੍ਰਸ਼ਨ ਹਨ - ਕੀ ਸੋਸ਼ਲ ਮੀਡੀਆ ਸਾਡੇ ਸਮਾਜ ਵਿੱਚ ਧਰੁਵੀਕਰਨ ਦੀ ਸਥਿਤੀ ਪੈਦਾ ਕਰ ਰਿਹਾ ਹੈ? ਸਮਾਜ ਦੀ ਤਰੱਕੀ ਵਿੱਚ ਸੋਸ਼ਲ ਮੀਡੀਆ ਦੀ ਕੀ ਭੂਮਿਕਾ ਹੋਣੀ ਚਾਹੀਦੀ ਹੈ? ਅਸੀਂ ਅਜਿਹੀ ਦੁਨੀਆਂ ਵਿੱਚ ਰਹਿੰਦੇ ਹਾਂ ਜਿੱਥੇ ਅਸੀਂ ਨਾ ਸਿਰਫ ਜਾਣਕਾਰੀ ਦੇ ਖਪਤਕਾਰ ਹਾਂ, ਬਲਕਿ ਉਤਪਾਦਕ ਵੀ ਹਾਂ। ਇਹ ਅੰਦਰੂਨੀ ਸੰਘਰਸ਼ ਸਾਨੂੰ ਇਸਦੇ ਨਿਯੰਤਰਣ ਤੋਂ ਬਾਹਰ ਲੈ ਜਾਂਦਾ ਹੈ। ਕਈ ਅਰਬ ਲੋਕ ਹਰ ਰੋਜ਼ ਫੇਸਬੁੱਕ 'ਤੇ ਲੌਗ ਇਨ ਕਰਦੇ ਹਨ। ਟਵਿੱਟਰ 'ਤੇ ਹਰ ਸਕਿੰਟ ਟਵੀਟ ਕੀਤੇ ਜਾਂਦੇ ਹਨ ਅਤੇ ਬਹੁਤ ਸਾਰੀਆਂ ਤਸਵੀਰਾਂ ਇੰਸਟਾਗ੍ਰਾਮ 'ਤੇ ਪੋਸਟ ਕੀਤੀਆਂ ਜਾਂਦੀਆਂ ਹਨ।

ਸੋਸ਼ਲ ਮੀਡੀਆ ਅੱਜ ਸਾਡੇ ਜੀਵਨ ਵਿੱਚ ਵੱਡੀ ਭੂਮਿਕਾ ਨਿਭਾ ਰਿਹਾ ਹੈ. ਸਾਡੇ ਕੋਲ ਕੋਈ ਜਾਣਕਾਰੀ ਸਿਰਫ ਇੱਕ ਬਟਨ ਦੂਰ ਹੈ। ਸੋਸ਼ਲ ਮੀਡੀਆ ਦੀ ਸ਼ਕਤੀ ਬਹੁਤ ਜ਼ਿਆਦਾ ਹੈ ਅਤੇ ਇਹ ਹਰ ਕਿਸੇ ਨੂੰ ਪ੍ਰਭਾਵਤ ਕਰਦੀ ਹੈ. ਅੱਜ ਸੋਸ਼ਲ ਮੀਡੀਆ ਬਿਨਾ ਸਾਡੀ ਜ਼ੰਦਿਗੀ ਦੀ ਕਲਪਨਾ ਕਰਨਾ ਮੁਸ਼ਕਲ ਹੈ। ਸਮੁੱਚੇ ਤੌਰ 'ਤੇ ਸੋਸ਼ਲ ਮੀਡੀਆ ਦੇ ਪ੍ਰਭਾਵਾਂ ਬਾਰੇ ਬਹੁਤ ਬਹਿਸ ਚੱਲ ਰਹੀ ਹੈ। ਕੁਝ ਸੋਚਦੇ ਹਨ ਕਿ ਇਹ ਇੱਕ ਬਰਕਤ ਹੈ ਜਦੋਂ ਕਿ ਦੂਸਰੇ ਸੋਚਦੇ ਹਨ ਕਿ ਇਹ ਇੱਕ ਸਰਾਪ ਹੈ। ਹਰ ਚੀਜ਼ ਜੋ ਕਿ ਇੰਨੀ ਵਿਆਪਕ ਤੌਰ 'ਤੇ ਫੈਲੀ ਹੋਈ ਹੈ ਉਸਦੇ ਸਕਾਰ-ਾਤਮਕ ਅਤੇ ਨਾਕਾਰਾਤਮਕ ਦੋਵੇਂ ਹੁੰਦੇ ਹਨ।

ਸੋਸ਼ਲ ਮੀਡੀਆ ਦੇ ਸਕਾਰਾਤਮਕ ਪ੍ਰਭਾਵ: ਸੋਸ਼ਲ ਮੀਡੀਆ ਸਮਾਜਿਕ ਵਿਕਾਸ ਦੀ ਆਗਿਆ ਦਿੰਦਾ ਹੈ ਅਤੇ

ਰਵਿੰਦਰਪਾਲ ਸਿੰਘ


ਬਹੁਤ ਸਾਰੇ ਕਾਰੋਬਾਰਾਂ ਵਿੱਚ ਸਹਾਇਤਾ ਵੀ ਕਰਦਾ ਹੈ। ਇਹ ਸੋਸ਼ਲ ਮੀਡੀਆ ਮਾਰਕੀਟਿੰਗ ਵਰਗੇ ਸਾਧਨ ਮੁਹੱਈਆ ਕਰਦਾ ਹੈ ਜੋ ਲੱਖਾਂ ਸੰਭਾਵੀ ਗਾਹਕਾਂ ਤੱਕ ਪਹੁੰਚ ਸਕਦਾ ਹੈ। ਅਸੀਂ ਸੋਸ਼ਲ ਮੀਡੀਆ ਰਾਹੀਂ ਅਸਾਨੀ ਨਾਲ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ ਅਤੇ ਖ਼ਬਰਾਂ ਪ੍ਰਾਪਤ ਕਰ ਸਕਦੇ ਹਾਂ।

ਸੋਸ਼ਲ ਮੀਡੀਆ ਕਿਸੇ ਵੀ ਸਮਾਜਿਕ ਕਾਰਨ ਬਾਰੇ ਜਾਗਰੂਕਤਾ ਪੈਦਾ ਕਰਨ ਦਾ ਇੱਕ ਵਧੀਆ ਸਾਧਨ ਹੈ। ਰੁਜ਼ਗਾਰਦਾਤਾ ਨੌਕਰੀ ਲੱਭਣ ਵਾਲਿਆਂ ਤੱਕ ਪਹੁੰਚ ਸਕਦੇ ਹਨ। ਇਹ ਬਹੁਤ ਸਾਰੇ ਲੋਕਾਂ ਨੂੰ ਸਮਾਜਕ ਤੌਰ 'ਤੇ ਵਿਕਸਤ ਕਰਨ ਅਤੇ ਬਿਨਾਂ ਕਿਸੇ ਰੁਕਾਵਟ ਦੇ ਵਿਸ਼ਵ ਨਾਲ ਗੱਲਬਾਤ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ।

ਬਹੁਤ ਸਾਰੇ ਲੋਕ ਆਪਣੇ ਆਪ ਨੂੰ ਉੱਚ ਅਧਿਕਾਰੀਆਂ ਦੀ ਗੱਲ ਸੁਣਨ ਲਈ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹਨ। ਇਹ ਸਮਾਨ ਸੋਚ ਵਾਲੇ ਲੋਕਾਂ ਨੂੰ ਮਿਲਣ ਵਿੱਚ ਤੁਹਾਡੀ ਮਦਦ ਵੀ ਕਰ ਸਕਦਾ ਹੈ।

ਸੋਸ਼ਲ ਮੀਡੀਆ ਦੇ ਨਕਾਰਾਤਮਕ ਪ੍ਰਭਾਵ: ਬਹੁਤ ਸਾਰੇ ਭੌਤਿਕ ਵਿਗਿਆਨੀਆਂ ਦਾ ਮੰਨਣਾ ਹੈ ਕਿ ਸੋਸ਼ਲ ਮੀਡੀਆ ਸਭ ਤੋਂ ਵੱਡਾ ਕਾਰਨ ਹੈ ਜੋ ਲੋਕਾਂ ਵਿੱਚ ਉਦਾਸੀ ਅਤੇ ਚਿੰਤਾ ਦਾ ਕਾਰਨ ਬਣਦਾ ਹੈ। ਇਹ ਬੱਚਿਆਂ ਦੇ ਮਾੜੇ ਮਾਨਸਿਕ ਵਿਕਾਸ ਦਾ ਕਾਰਨ ਵੀ ਹੈ। ਸੋਸ਼ਲ ਮੀਡੀਆ ਦੀ ਵਧਦੀ ਵਰਤੋਂ ਨਾਲ ਨੀਂਦ ਦੇ ਪੈਟਰਨ ਖਰਾਬ ਹੋ ਸਕਦੇ ਹਨ। ਹੋਰ ਵੀ ਬਹੁਤ ਸਾਰੇ




ਨਕਾਰਾਤਮਕ ਪ੍ਰਭਾਵ ਹਨ ਜਿਵੇਂ ਕਿ ਸਾਈਬਰ ਧੱਕੇਸ਼ਾਹੀ, ਆਨ ਲਾਈਨ ਪੈਸਿਆਂ ਦੀ ਧੋਖਾਧੜੀ, ਤਸਵੀਰਾਂ ਦੀ ਗਲਤ ਵਰਤੋਂ ਦੇ ਮੁੱਦੇ ਆਦਿ। ਸੋਸ਼ਲ ਮੀਡੀਆ ਦੇ ਕਾਰਨ ਨੌਜਵਾਨਾਂ ਵਿੱਚ ( ) 'ਗੁੰਮ ਹੋਣ ਦਾ ਡਰ' () ਹਰ ਸਮੇਂ ਉੱਚ ਪੱਧਰ 'ਤੇ ਹੈ।

ਸਿੱਟਾ:

ਸੋਸ਼ਲ ਮੀਡੀਆ ਨੇ ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰ ਨੂੰ ਇੱਕ ਨਵਾਂ ਆਯਾਮ ਦਿੱਤਾ ਹੈ। ਅੱਜ ਹਰ ਵਿਅਕਤੀ ਬਿਨਾਂ ਕਿਸੇ ਡਰ ਦੇ ਸੋਸ਼ਲ ਮੀਡੀਆ ਰਾਹੀਂ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰ ਸਕਦਾ ਹੈ ਅਤੇ ਹਜ਼ਾਰਾਂ ਲੋਕਾਂ ਤੱਕ ਇਸ ਨੂੰ ਪਹੁੰਚਾ ਸਕਦਾ ਹੈ, ਪਰ ਸੋਸ਼ਲ ਮੀਡੀਆ ਦੀ ਦੁਰਵਰਤੋਂ ਨੇ ਇਸਨੂੰ ਇੱਕ ਖਤਰਨਾਕ ਸਾਧਨ ਵਜੋਂ ਵੀ ਸਥਾਪਤ ਕਰ ਦਿੱਤਾ ਹੈ ਜਿਸ ਕਾਰਨ ਇਸਦੇ ਨਿਯਮ ਦੀ ਲੋੜ ਲਗਾਤਾਰ ਮਹਿਸੂਸ ਕੀਤੀ ਜਾ ਰਹੀ ਹੈ। ਇਸ ਲਈ, ਗੁਪਤਤਾ ਦੇ ਅਧਿਕਾਰ ਦੀ ਉਲੰਘਣਾ ਕੀਤੇ ਬਗੈਰ ਸੋਸ਼ਲ ਮੀਡੀਆ ਦੀ ਦੁਰਵਰਤੋਂ ਨੂੰ ਰੋਕਣ ਲਈ ਸਾਰੀਆਂ ਧਿਰਾਂ ਨਾਲ ਸਲਾਹ ਮਸ਼ਵਰਾ ਕਰਕੇ ਨਵੇਂ ਵਿਕਲਪ ਲੱਭਣੇ ਜ਼ਰੂਰੀ ਹਨ, ਤਾਂ ਜੋ ਭਵਿੱਖ ਵਿੱਚ ਇਸਦੇ ਸੰਭਾਵੀ ਮਾੜੇ ਪ੍ਰਭਾਵਾਂ ਤੋਂ ਬਚਿਆ ਜਾ ਸਕੇ।

ਰਵਿੰਦਰਪਾਲ ਸਿੰਘ
9815292572

# ਦਿਨੋਂ ਦਿਨ ਮਨਫ਼ੀ ਹੋ ਰਿਹਾ ਕਿਰਤ ਸੱਭਿਆਚਾਰ

ਹਰਕੀਰਤ ਕੌਰ

ਕਿਸੇ ਦਾਰਸ਼ਨਿਕ ਨੇ ਕਿਹਾ ਹੈ," ਮਨੁੱਖ ਕੋਲ ਜਿਊਣ ਲਈ ਇੱਕ ਜ਼ਿੰਦਗੀ ਹੈ । " ਉਸਨੇ ਇਹ ਦੇਖਣਾ ਹੈ ਕਿ ਉਸਨੂੰ ਕਿਵੇ ਜਿਊਣਾ ਹੈ? ਇਸਦੇ ਨਾਲ ਇੱਕ ਸਵਾਲ ਹੋਰ ਪੈਦਾ ਹੁੰਦਾ ਹੈ ਕਿ ਮਨੁੱਖ ਨੇ ਇਸ ਜੀਵਨ ਵਿੱਚ ਹਾਸਿਲ ਕੀ ਕੀਤਾ? ਮੇਰੇ ਅਨੁਸਾਰ ਮਨੁੱਖੀ ਜ਼ਿੰਦਗੀ ਦਾ ਹਾਸਿਲ ਇਹ ਹੈ ਕਿ ਮਨੁੱਖ ਨੇ ਜ਼ਿੰਦਗੀ ਨੂੰ ਕਿਵੇਂ ਜੀਵਿਆ। ਸਾਡਾ ਧਰਤੀ ਤੇ ਆਉਣਾ ਤਾਂ ਹੀ ਸਾਰਥਿਕ ਹੈ ਜੇਕਰ ਅਸੀ ਉਸ ਸਮੇਂ ਦੌਰਾਨ ਵੱਧ ਤੋਂ ਵੱਧ ਉਹ ਕਾਰ ਵਿਹਾਰ ਕਰੀਏ ਜਿੰਨ੍ਹਾਂ ਨਾਲ ਸਾਡੀ ਸ਼ਖਸੀਅਤ ਵਿੱਚ ਵੀ ਨਿਖਾਰ ਆਵੇ ਅਤੇ ਸਮਾਜ ਦਾ ਵੀ ਭਲਾ ਹੋਵੇ। ਪੁਰਾਣੇ ਸਮਿਆਂ ਵਿੱਚ ਇੱਕ ਅਖਾਣ ਵਰਤਿਆ ਜਾਂਦਾ ਸੀ ਕਿ 'ਕਿਰਤ ਵਿੱਚ ਸਦਾ ਬਰਕਤਾਂ ਨੇ। 'ਭਾਵ ਕਿਰਤ ਮਨੁੱਖ ਨੂੰ ਆਰਥਿਕ ਪੱਖੋਂ ਹੀ ਨਹੀਂ, ਸ਼ਰੀਰਕ ਅਤੇ ਮਾਨਸਿਕ ਪੱਖੋਂ ਵੀ ਸਿਹਤਮੰਦ ਬਣਾਉਂਦੀ ਹੈ। ਕਿਰਤ ਬਾਰੇ ਕਾਰਲ ਮਾਰਕਸ ਨੇ ਲਿਖਿਆ ਹੈ ਕਿ " ਕਿਰਤ ਉਹ ਪ੍ਰਕਿਰਿਆ ਹੈ ਜਿਸ ਵਿੱਚ ਮਨੁੱਖ ਅਤੇ ਪ੍ਰਕਿਰਤੀ ਦੋਵੇਂ ਸ਼ਾਮਿਲ ਹੁੰਦੇ ਹਨ।

ਅਸੀਂ ਪੰਜਾਬ ਦੇ ਲੋਕ ਜੇ ਕਿਸੇ ਮਹਾਨ ਸ਼ਖਸੀਅਤ ਨੂੰ ਸਭ ਤੋਂ ਵੱਧ ਮਾਣ ਦਿੰਦੇ ਹਾਂ ਤਾਂ ਉਹ ਹਨ ਗੁਰੂ ਨਾਨਕ ਦੇਵ ਜੀ। ਉਹਨਾਂ ਦਾ ਪਹਿਲਾ ਉਪਦੇਸ਼ ਹੀ ਕਿਰਤ ਕਰੋ ਦਾ ਹੈ। ਉਹਨਾਂ ਗੁਰਬਾਣੀ ਦੀਆਂ ਕਈ ਪੰਗਤੀਆਂ ਵਿੱਚ ਕਿਰਤ ਕਰਨ ਦੀ ਮਹਾਨਤਾ ਦਾ ਜ਼ਿਕਰ ਕੀਤਾ ਹੈ

ਜਿਹੜੇ ਸਮਾਜਾਂ ਵਿੱਚ ਬਹੁਗਿਣਤੀ ਲੋਕ ਕਿਰਤ ਨਾਲ ਜੁੜੇ ਹੁੰਦੇ ਹਨ, ਉੱਥੇ ਲੋਕਾਂ ਵਿੱਚ ਚੰਗੀਆਂ ਨੈਤਿਕ ਕਦਰਾਂ ਕੀਮਤਾਂ ਦਾ ਸੰਚਾਰ ਹੁੰਦਾ ਹੈ। ਇਸਦਾ ਪ੍ਰਭਾਵ ਅਗਲੀਆਂ ਪੀੜ੍ਹੀਆਂ ਤਕ ਵੀ ਰਹਿੰਦਾ ਹੈ। ਅੱਜ ਲੋਕ ਵੱਡੀ ਗਿਣਤੀ ਵਿੱਚ ਮਾਨਸਿਕ ਤਨਾਵਾਂ ਦਾ ਸ਼ਿਕਾਰ ਹਨ। ਕੋਈ ਸਮਾਂ ਸੀ ਜਦੋਂ ਸਮਾਜ ਵਿੱਚ ਮਰਦ ਮਿਲ ਕੇ ਖੇਤੀ ਕਰਦੇ ਸਨ ਅਤੇ ਔਰਤਾਂ ਕਈ ਤਰ੍ਹਾਂ ਦੇ ਕੰਮ ਕਰਦੀਆਂ ਸਨ। ਪਰ ਅੱਜ ਕਿਰਤ ਨਾਲ ਜੁੜੀਆਂ ਸਾਝਾਂ ਲਗਪਗ ਖਤਮ ਹੋ ਗਈਆਂ ਹਨ। ਚੀਨੀ ਦਾਰਸ਼ਨਿਕ ਕਨਫਿਊਸ਼ੀਅਸ਼ ਦਾ ਕਹਿਣਾ ਹੈ ਕਿ ਧਰਮ ਅਤੇ ਸਿੱਖਿਆ ਗ੍ਰਹਿਣ ਕਰਨ ਨਾਲ ਕੋਈ ਪੂਰਨ ਮਨੁੱਖ ਨਹੀਂ ਬਣ ਜਾਂਦਾ, ਇਸ ਲਈ ਉਸਦਾ ਕਿਰਤ ਨਾਲ ਜੁੜਨਾ ਬਹੁਤ ਜਰੂਰੀ ਹੈ। ਭਾਵ ਕਿਰਤ ਮਨੁੱਖ ਨੂੰ ਪੂਰਨ ਮਨੁੱਖ ਬਣਾਉਣ ਵਿੱਚ ਵੱਡਾ ਰੋਲ ਅਦਾ ਕਰਦੀ ਹੈ । ਅੱਜ ਸਾਡੇ ਦੇਸ਼ ਦੇ ਨੌਜਵਾਨ ਵੱਡੀਆਂ ਰਕਮਾਂ ਖਰਚ ਕੇ ਵਿਕਸਿਤ ਦੇਸ਼ਾਂ ਵਿੱਚ ਜਾਣ ਨੂੰ ਬੇਤਾਬ ਹਨ। ਉੱਥੇ ਸਾਡੇ ਨਾਲੋਂ ਕੀ ਵੱਖਰਾ ਹੈ? ਇਸਦਾ ਉੱਤਰ ਇਹ ਹੈ ਕਿ ਉੱਥੇ ਕਿਰਤ ਨੂੰ ਸਨਮਾਨ ਮਿਲਦਾ ਹੈ। ਔਖੇ ਭਾਰੇ ਕੰਮ ਕਰਨ ਵਾਲਿਆਂ ਨੂੰ ਵੱਧ ਮਾਣ ਅਤੇ ਮੁਆਵਜ਼ਾ ਮਿਲਦਾ ਹੈ। ਇੱਕ ਪ੍ਰੋਫੈਸਰ ਨਾਲੋਂ ਟਰੱਕ ਡਰਾਈਵਰ ਨੂੰ ਵੱਧ ਇਵਜ਼ਾਨਾ ਮਿਲਦਾ ਹੈ। ਪਰ ਸਾਡੇ ਦੇਸ਼ ਵਿੱਚ ਔਖੇ ਭਾਰੇ ਕੰਮ ਵਾਲਿਆਂ ਨੂੰ ਵੱਧ ਮਾਣ ਅਤੇ ਮੁਆਵਜ਼ਾ ਤਾਂ ਕੀ ਮਿਲਣਾ, ਉਲਟਾ ਉਸਨੂੰ ਨੀਵਾਂ ਸਮਝਿਆ ਜਾਂਦਾ ਹੈ ।

ਹਰ ਦੇਸ਼ ਦੀ ਪ੍ਰਸ਼ਾਸਨਿਕ ਵਿਵਸਥਾ ਚੰਗੇ ਮਾੜੇ ਸਮਾਜਾਂ ਦੀ ਸਿਰਜਣਾ ਕਰਦੀ ਹੈ। ਅੱਜ ਜੇਕਰ ਸਾਡੇ ਸਮਾਜ ਦੀ ਬਹੁਗਿਣਤੀ ਕਿਰਤ ਵਿਹੂਣੀ ਹੋ ਗਈ ਹੈ ਤਾਂ ਉਸਦਾ ਕਾਰਨ ਇਹ ਕਿ ਜਿਸ ਤਰ੍ਹਾਂ ਲੋਕਾਂ ਲਈ ਕਿਰਤ ਦੇ ਵਸੀਲੇ ਪੈਦਾ ਕੀਤੇ ਜਾਣੇ ਸਨ ਨਹੀਂ ਕੀਤੇ ਗਏ। ਅੱਜਕੱਲ੍ਹ ਇਲੈਕਟ੍ਰਿਕ ਅਤੇ ਸ਼ੋਸ਼ਲ ਮੀਡੀਆ ਤੇ ਇੱਕ ਪ੍ਰਚਾਰ ਬੜੇ ਜ਼ੋਰ ਸ਼ੋਰ ਨਾਲ ਹੁੰਦਾ ਹੈ ਕਿ ਚੀਨੀ ਸਮਾਨ ਦਾ ਬਾਈਕਾਟ ਕੀਤਾ ਜਾਵੇ। ਪਰ ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇਕਰ ਚੀਨ ਵਰਗਾ ਮੁਲਕ ਆਪਣੇ ਦੇਸ਼ ਦੀ ਵੱਡੀ ਆਬਾਦੀ ਨੂੰ ਵੱਖ ਵੱਖ ਕੰਮਾਂ ਨਾਲ ਜੋੜ ਕੇ ਆਲਮੀ ਬਾਜ਼ਾਰ ਤੇ ਕਾਬਜ਼ ਹੋ ਸਕਦਾ ਹੈ ਤਾਂ ਅਸੀਂ ਭਾਰਤ ਕਿਉਂ ਨਹੀਂ? ਪਰ ਸਾਡੇ ਮੁਲਕ ਵਿੱਚ ਲੋਕਾਂ ਨੂੰ ਧਰਮ ਕਰਮ, ਜਾਤਾਂ ਪਾਤਾਂ ਅਤੇ ਰਾਜਨੀਤੀ ਦੀਆਂ ਕੋਝੀਆਂ ਚਾਲਾਂ ਵਿੱਚ ਉਲਝਾਇਆ ਜਾ ਰਿਹਾ ਹੈ। ਸਾਡੇ ਲੋਕਾਂ ਨੂੰ ਕਿਰਤ ਲਈ ਤਿਆਰ ਹੀ ਨਹੀਂ ਕੀਤਾ ਜਾ ਰਿਹਾ।

ਸਰਕਾਰਾਂ ਦਾ ਫਰਜ਼ ਬਣਦਾ ਹੈ ਕਿ ਵੱਖ ਵੱਖ ਅਦਾਰਿਆਂ ਵਿੱਚ ਹੁੰਦੀ ਕਿਰਤ ਦੀ ਲੁੱਟ ਨੂੰ ਰੋਕਣ ਵਿੱਚ ਸਕਾਰਾਤਮਕ ਭੂਮਿਕਾ ਨਿਭਾਵੇ। ਪਰ, ਇੱਥੇ ਸਾਡੇ ਮੁਲਕ ਵਿੱਚ ਇਸ ਤੋਂ ਉਲਟ ਹੋ ਰਿਹਾ ਹੈ, ਪੜ੍ਹੇ ਲਿਖੇ ਨੌਜਵਾਨਾਂ ਨੂੰ ਪਹਿਲਾਂ ਤਾਂ ਸਰਕਾਰੀ ਨੌਕਰੀ ਮਿਲਦੀ ਨਹੀਂ, ਜੇਕਰ ਮਿਲਦੀ ਵੀ ਹੈ ਤਾਂ ਕਈ ਸਾਲ ਨਿੱਜੀ ਅਦਾਰਿਆਂ ਦੀ ਤਰ੍ਹਾਂ 10,000 , 15,000 ਤਨਖਾਹ ਮੁਹੱਈਆ ਕਰਵਾਈ ਜਾਂਦੀ ਹੈ। ਸਰਕਾਰਾਂ ਨੂੰ ਇਸ ਗੱਲ ਵੱਲ ਖਾਸ ਧਿਆਨ ਦੇਣ ਦੀ ਜਰੂਰਤ ਹੈ ਕਿ ਜੇਕਰ ਬੇਰੁਜ਼ਗਾਰੀ ਤੋ ਸਤਾਏ ਨੌਜਵਾਨ ਨਸ਼ਿਆ ਦੀ ਦਲਦਲ ਵਿੱਚ ਜਾਂ ਗਲਤ ਸੰਗਤ ਦੇ ਆਦੀ ਹੁੰਦੇ ਹਨ ਤਾਂ ਇਸਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।

ਕਿਰਤ ਜ਼ਿੰਦਗੀ ਦਾ ਸਭ ਤੋਂ ਮਹੱਤਵਪੂਰਣ ਹਿੱਸਾ ਹੈ, ਜਿੰਨੀ ਦੇਰ ਕਿਰਤ ਸਾਡਾ ਵਿਹਾਰ ਨਹੀਂ ਬਣਦੀ ਅਸੀਂ ਠੀਕ ਅਰਥਾਂ ਵਿੱਚ ਤਰੱਕੀ ਨਹੀਂ ਕਰ ਸਕਦੇ। ਕਿਰਤ ਕਰਨ ਤੋਂ ਬਿਨਾਂ ਕੋਈ ਵੀ ਮਨੁੱਖ ਜ਼ਿੰਦਗੀ ਦੇ ਅਰਥ ਨਹੀਂ ਜਾਣ ਸਕਦਾ ਅਤੇ ਨਾ ਹੀ ਜ਼ਿੰਦਗੀ ਨਾਲ ਮੁਹੱਬਤ ਕਰ ਸਕਦਾ ਹੈ। ਆਪਣੇ ਮਨਫ਼ੀ ਹੋ ਰਹੇ ਕਿਰਤੀ ਸੱਭਿਆਚਾਰ ਨੂੰ ਬਚਾਉਣਾ ਜਿੱਥੇ ਸਾਡੀ ਜਰੂਰਤ ਹੈ ਉੱਥੇ ਸਾਡੀ ਜ਼ਿੰਮੇਵਾਰੀ ਵੀ ਹੈ ਕਿਉਂਕਿ ਅਸੀਂ ਮਿਹਨਤੀ ਅਤੇ ਉੱਦਮੀ ਲੋਕਾਂ ਦੇ ਵਾਰਿਸ ਹਾਂ ਨਾ ਕਿ ਜਾਹਿਲ ਅਤੇ ਆਲਸੀ ਲੋਕਾਂ ਦੇ।

# ਐਮ ਐਸ ਪੀ ਅਤੇਐਮ ਆਰ ਪੀ ਸੁਧਾਰ ਸਕਦੀਆਂ ਨੇ ਅਰਥ ਵਿਵਸਥਾ ਦਾ ਢਾਂਚਾ

ਜਦੋਂ ਦੇ ਖੇਤੀ ਕਾਨੂੰਨ ਪਾਸ ਹੋਏ ਹਨ ਇਕ ਸ਼ਬਦ ਬਹੁਤ ਜਿਆਦਾ ਚਰਚਾ ਵਿੱਚ ਹੈ, ਐਮ ਐਸ ਪੀ ਯਾਨੀ ਘੱਟੋ ਘੱਟ ਸਮਰਥਨ ਮੁੱਲ। ਕਿਸਾਨਾਂ ਦਾ ਤਰਕ ਹੈ ਕਿ ਤਿੰਨ ਕਾਨੂੰਨਾਂ ਦੇ ਲਾਗੂ ਹੋਣ ਨਾਲ ਐਮ ਐਸ ਪੀ ਖਤਮ ਹੋ ਜਾਏਗੀ ਜਿਸ ਦਾ ਉਹਨਾਂ ਨੂੰ ਸਿੱਧਾ ਨੁਕਸਾਨ ਹੋਵੇਗਾ। ਉਹਨਾਂ ਦੇ ਇਸ ਸ਼ੰਕਾ ਵਿੱਚ ਕਾਫੀ ਵੱਡੀ ਸਚਾਈ ਵੀ ਨਜ਼ਰ ਆਉਂਦੀ ਹੈ। ਪਰ ਉਧਰ ਸਰਕਾਰ ਕਹਿ ਰਹੀ ਹੈ ਕਿ ਐਮ ਐਸ ਪੀ ਹੈ ਤੇ ਚਲਦੀ ਰਹੇਗੀ, ਨਵੇਂ ਖੇਤੀ ਕਾਨੂੰਨ ਇਸ ਦੇ ਨਾਲ ਬਰਾਬਰ ਚਲਣਗੇ ਤੇ ਕਿਸਾਨ ਦੀ ਮਰਜ਼ੀ ਹੋਵੇਗੀ ਕਿ ਉਹ ਕਿਸ ਸਿਸਟਮ ਨੂੰ ਅਪਨਾਉਣਾ ਚਾਹੁੰਦਾ ਹੈ। ਪਰ ਇਸ ਗੱਲ੍ਹ ਤੇ ਜਦੋਂ ਕਿਸਾਨ ਜਥੇਬੰਦੀਆਂ ਨੇ ਸਰਕਾਰ ਅੱਗੇ ਪੇਸ਼ਕਸ ਰੱਖੀ ਕੇ ਤੁਸੀਂ ਕਹਿ ਰਹੇ ਹੋ ਕੇ ਐਮ ਐਸ ਪੀ ਰਹੇਗੀ ਤਾਂ ਇਸ ਦਾ ਕਾਨੂੰਨ ਬਨਾ ਦਿਉ ਤਾਂ ਕਿ ਕਿਸਾਨਾ ਦੀ ਜਿਨਸ ਐਮ ਐਸ ਪੀ ਤੋਂ ਘੱਟ ਨਾ ਵਿਕੇ। ਪਰ ਸਰਕਾਰ ਇਸ ਗੱਲ ਤੇ ਆਉਂਦੀ ਹੀ ਨਹੀ ਅਤੇ ਉਧਰ ਸਰਕਾਰੀ ਅਰਥਸ਼ਾਸ਼ਤਰੀਆਂ ਦੇ ਬਿਆਨ ਸਰਕਾਰ ਦਾ ਜਵਾਬ ਦਿੰਦੇ ਹਨ ਕਿ ਐਮ ਐਸ ਪੀ ਕਾਰਨ ਦੇਸ਼ ਦਾ ਨੁਕਸਾਨ ਹੋ ਰਿਹਾ ਹੈ ਇਸ ਨੂੰ ਬੰਦ ਕਰਕੇ ਜਿਨਸਾਂ ਉਪਨ ਮਾਰਕਿਟ ਯਾਨੀ ਖੁੱਲੀ ਮੰਡੀ ਵਿੱਚ ਵਿਕਣ ਤਾਂ ਖਪਤਕਾਰ ਨੂੰ ਫਾਇਦਾ ਹੋਵੇਗਾ। ਸੋ ਸਭ ਤੋਂ ਪਹਿਲਾਂ ਤਾਂ ਅਸੀਗੱਲ ਕਰਦੇ ਹਾਂ ਕਿ ਐਮ ਐਸ ਪੀ ਹੈ ਕੀ ?

ਐਮ ਐਸ ਪੀ ਕੀ ਹੈ :- ਘੱਟੋ ਘੱਟ ਸਮਰਥਨ ਮੁੱਲ ਇੱਕ ਐਸਾ ਰੇਟ ਹੈ ਜੋ ਫਸਲ ਦੀ ਪੈਦਾਵਾਰ ਦੇ ਲਾਗਤ ਮੁੱਲ ਨਾਲ ਜੁੜਿਆ ਹੈ ਅਤੇ ਕਿਸਾਨਾਂ ਨੂੰ ਸੁੱਰਖਿਆ ਦਿੰਦਾ ਹੈ ਕਿ ਉਹ ਆਪਣੀ ਉਪਜ ਤੇ ਕੁਝ ਘੱਟੋ ਘੱਟ ਮੁਨਾਫਾ ਤਾਂ ਕਮਾ ਸਕਣ ਤਾਂ ਜੋ ਉਹ ਇਸ ਕਿੱਤੇ ਨੂੰ ਅਪਣਾਈ ਰੱਖਣ, ਜੇ ਖੁੱਲੀ ਮੰਡੀ ਵਿੱਚ ਭਾਅ ਡਿਗਦੇ ਹਨ ਤਾਂ ਸਰਕਾਰੀ ਖਰੀਦ ਸੁਰੂ ਹੋ ਜਾਂਦੀ ਹੈ। ਇਸ ਦਾ ਪਿਛੋਕੜ 1965 ਦੀ ਲੜਾਈ ਨਾਲ ਜੁੜਦਾ ਹੈ, ਜਦੋ ਅਸੀ ਅਨਾਜ ਅਮਰੀਕਾ ਤੋਂ ਦਰਾਮਦ ਕਰਦੇ ਸੀ ਤੇ ਅਮਰੀਕਾ ਨੇ


ਡਾ. ਅਮਨਪ੍ਰੀਤ ਸਿੰਘ ਬਰਾੜ

ਲੜਾਈ ਰੁਕਵਾਉਣ ਲਈ ਸਾਡੇ ਅਨਾਜ ਤੇ ਰੋਕ ਲਾਈ ਸੀ ਪਰ ਉਸ ਤੋਂ ਬਾਅਦ ਭਾਰਤ ਸਰਕਾਰ ਨੇ ਆਪਣੇ ਕਿਸਾਨਾਂ ਨੂੰ ਉਤਸ਼ਾਹਿਤ ਕਰਕੇ ਅਨਾਜ ਵਿੱਚ ਆਤਮ ਨਿਰਭਰਤਾ ਲਈ ਖੇਤੀ ਉਪਜਾਂ ਦੇ ਭਾਅ ਤੈਅ ਕੀਤੇ ਅਤੇ ਕਿਸਾਨਾਂ ਤੋਂ ਰਵਾਇਤੀ ਫਸਲਾਂ ਛੁਡਾ ਕੇ ਕਣਕ ਝੋਨੇ ਦੇ ਚੱਕਰ ਵਿੱਚ ਪਾਇਆ ਸੀ। ਇਹ ਐਮ ਐਸ ਪੀ ਹਰ ਸਾਲ ਵਿੱਚ 2 ਵਾਰ ਕਮਿਸ਼ਨ ਫਾਰ ਐਗਰੀਕਲਚਰਲ ਕਾਸਟ ਐਂਡ ਪਰਾਇਸ (ਛਅਛਫ ਛੋਮਮਸਿਸੋਨਿ ਡੋਰ ਅਗਰਚਿੁਲਟੁਰਉਲ ਛੋਸਟ ਓਨਦਫਰਚਿਏ) ਦੀ ਸਿਫਾਰਿਸ਼ ਤੇ 23 ਫਸਲਾਂ ਲਈ ਤੈਅ ਕੀਤੀ ਜਾਂਦੀ ਹੈ। ਸੋ ਅਸਲ ਵਿੱਚ ਹੁੰਦਾ ਕੀ ਸੀ, ਜਦ ਤੱਕ ਬਹੁਚਰਚਿਤ ਸਵਾਮੀਨਾਥਨ ਰਿਪੋਰਟ ਨਹੀਂ ਸੀ ਆਈ ਉਦੋਂ ਛਅਫਛ ਆਪਣੀ ਰਿਪੋਰਟ ਸਰਕਾਰ ਨੂੰ ਦਿੰਦੀ ਸੀ। ਸਰਕਾਰ ਫਿਰ ਖਰੀਦ ਕੀਮਤ ਆਪਣੇ ਹਿਸਾਬ ਨਾਲ ਪੈਦਾਵਾਰ ਨੂੰ ਮੁੱਖ ਰੱਖ ਕੇ ਤਹਿ ਕਰਦੀ ਸੀ ਜਦੋ ਤੱਕ ਦੇਸ਼ ਵਿੱਚ ਅਨਾਜ ਦੀ ਕਮੀ ਰਹੀ ਉਦੋ ਤੱਕ ਕਿਸਾਨਾਂ ਨੂੰ ਉਤਸ਼ਾਹ ਦੇਣ ਵਾਲੀ ਕੀਮਤ ਦਿੱਤੀ ਜਾਂਦੀ ਸੀ। ਪਰ ਜਿਵੇਂ ਜਿਵੇਂ ਦੇਸ਼ ਅਨਾਜ ਵਿੱਚ ਆਤਮ ਨਿਰਭਰਤਾ ਵੱਲ ਵਧਿਆ ਉਵੇਂ ਉਵੇਂ ਇੰਨਸੇਨਟਿਵ ਪਰਾਈਸ ਦੀ ਬਜਾਏ ਨਿਗੂਣਾ ਵਾਧਾ ਕਰਕੇ ਵੀ ਸਾਰ ਦਿੱਤਾ ਜਾਂਦਾ।ਖਰੀਦ ਕੀਮਤ ਭੀ ਫਸਲ ਪੱਕਣ ਵੇਲੇ ਸੰਭਾਵਤ ਪੈਦਾਵਾਰ ਦੇਖ ਕੇ ਹੀ ਦੱਸੀ ਜਾਂਦੀ ਸੀ। ਕਈ ਸਾਲ ਤਾਂ ਇਹੋ ਜਿਹੇ ਵੀ ਹਨ ਜਦੋਂ ਰੇਟ ਵਧਾਉਣ ਦੇ ਨਾਮ ਤੇ ਮਜ਼ਾਕ ਹੀ ਸੀ ਜਿਵੇਂ 1983-84 ਵਿੱਚ ਸਿਰਫ 1 ਰੁਪਏ ਕੁਇੰਟਲ ਭਾਅ ਵਧਾਇਆ ਗਿਆ, 2002-03 ਇਕ ਨਿੱਕਾ ਪੈਸਾ ਵੀ ਨਹੀਂ ਵਧਿਆ। ਇਸ ਤੋਂ ਬਾਅਦ ਵੀ ਇਕ ਵਾਰ ਕਣਕ ਦਾ ਮੁੱਲ ਸਿਰਫ 1 ਰੁਪਏ ਹੀ ਵਧਿਆ ਸੀ। ਉਸੇ ਦੌਰਾਨ ਹੀ ਮਸ਼ਹੂਰ ਐਗਰੀਕਲਚਰ ਸਾਇੰਸਦਾਨ ਐਮ ਐਸ ਸਵਾਮੀਨਾਥਨ ਦੀਆਂ ਸਿਫਾਰਿਸ਼ਾਂ ਆਈਆਂ ਸੀ।

ਸਵਾਮੀਨਾਥਨ ਰਿਪੋਰਟ ਦੀਆਂ ਸਿਫਾਰਿਸ਼ਾ:- ਇਸ ਵਿੱਚ ਕਿਹਾ ਗਿਆ ਸੀ ਕੇ ਐਮ ਐਸ ਪੀ ਫਸਲ ਦੀ ਬਿਜਾਈ ਤੋਂ ਪਹਿਲਾਂ ਤਹਿ ਕੀਤੀ ਜਾਣੀ ਚਾਹੀਦੀ ਹੈ। ਇਸ ਵਿੱਚ ਜੋ ਅੰਦਾਜਣ ਲਾਗਤ ਆਉਂਦੀ ਹੈ ਉਸ ਤੇ 50% ਮੁਨਾਫਾ ਦਿੱਤਾ ਜਾਵੇ। ਪਰ ਉਸ ਸਮੇਂ ਦੀ ਸਰਕਾਰ ਇਸ ਤੇ ਚੁੱਪ ਧਾਰ ਗਈ ਇਥੋਂ ਤੱਕ ਕੇ ਕਿਸਾਨਾਂ ਦੇ ਜੋਰ ਪਾਉਣ ਤੇ ਵੀ ਸਰਕਾਰ ਇਸ ਰਿਪੋਰਟ ਤੋਂ ਪੈਰ ਹੀ ਪਿੱਛੇ ਖਿਸਕਾ ਗਈ ਅਤੇ ਮੌਜੂਦਾ ਕੇਂਦਰ ਸਰਕਾਰ ਨੇ 2014 ਦੀਆਂ ਲੋਕ ਸਭਾ ਚੌਣਾਂ ਵਿੱਚ ਇਸ ਰਿਪੋਰਟ ਨੂੰ ਚੋਣ ਮੁੱਦਾ ਬਣਾਇਆ ਅਤੇ ਕਿਹਾ ਕੇ ਜੇ ਉਹਨਾਂ ਦੀ ਸਰਕਾਰ ਬਣੀ ਤਾਂ ਉਹ ਸਵਾਮੀਨਾਥਨ ਰਿਪੋਰਟ ਲਾਗੂ ਕਰਨਗੇ। ਸੱਤਾ ਵਿੱਚ ਆਉਣ ਤੋਂ ਬਾਅਦ ਸਰਕਾਰ ਇਸ ਤੇ ਚੁੱਪ ਧਾਰ ਗਈ। ਕਿਸਾਨ ਜੱਥੇਬੰਦੀਆਂ ਨੇ ਸੁਪਰੀਮ ਕੋਰਟ ਦਾ ਰੁੱਖ ਕੀਤਾ ਤਾਂ ਸਰਕਾਰ ਨੇ ਹਲਫੀਆ ਬਿਆਨ ਦਿੱਤਾ ਕਿ ਉਹ ਇਸ ਨੂੰ ਲਾਗੂ ਨਹੀ ਕਰ ਸਕਦੇ। ਜਦੋਂ 2019 ਦੀਆਂ ਵੋਟਾਂ ਆਈਆਂ ਉਦੋਂ ਸਰਕਾਰ ਨੇ ਲੰਗੜੀ ਐਮ ਐਸ ਪੀ ਲਾਗੂ ਕਰ ਦਿੱਤੀ ਯਾਨੀ ਕੇ ਫਸਲ ਦੀ ਲਾਗਤ ਦਾ ਮੁੱਲ ਕੱਢਣ ਦਾ ਫਾਰਮੂਲਾ ਹੀ ਬਦਲ ਦਿੱਤਾ ਸੀ। ਫਿਰ ਐਮ ਐਸ ਪੀ ਕੱਢਣ ਦੇ ਤਿੰਨ ਫਾਰਮੂਲੇ ਇਜਾਤ ਕੀਤੇ ਗਏ।

ਪਹਿਲਾਂ ਫਾਰਮੂਲਾ ਅ2 ਜਿਸ ਵਿੱਚ ਬੀਜ, ਕੀੜੇਮਾਰ ਦਵਾਈਆਂ ਜਾਂ ਡੀਜ਼ਲ ਜੋ ਚੀਜ਼ਾਂ ਤੇ ਕਿਸਾਨ ਦਾ ਖਰਚਾ ਹੁੰਦਾ ਹੈ ਭਾਵ ਖੇਤੀ ਉਪਜ ਲਈ ਜੋ ਕਿਸਾਨ ਬਜ਼ਾਰੋਂ ਖਰੀਦਦੇ ਹਨ। ਯਾਨੀ ਕੇ ਇਸ ਵਿੱਚ ਕਿਸਾਨ ਦੀ ਆਪਣੀ ਮਿਹਨਤ ਦਾ ਖਰਚ ਭੀ ਨਹੀ ਗਿਣਿਆ ਜਾਂਦਾ ਹੈ।

ਦੂਜਾ ਫਾਰਮੂਲਾ ਹੈ ਅ2+ਢਲ਼ ਜਿਸ ਵਿੱਚ ਪਹਿਲਾਂ ਦੱਸੇ ਖਰਚਿਆਂ ਨਾਲ ਪਰਿਵਾਰਕ ਮਿਹਨਤ ਭੀ ਜੋੜ ਦਿੱਤੀ ਜਾਂਦੀ ਹੈ। ਇਸ ਵੇਲੇ ਜੋ ਐਮ ਐਸ ਪੀ ਤਹਿ ਕੀਤੀ ਜਾਂਦੀ ਹੈ ਉਹ ਅ2+ਢਲ਼ਦੇ ਫਾਰਮੂਲੇ ਨਾਲ ਹੁੰਦੀ ਹੈ। ਪਰ ਅਸਲ ਸਵਾਮੀਨਾਥਨ ਰਿਪੋਰਟ ਦਾ ਫਾਰਮੂਲਾ ਹੈ ਅ2+ਢਲ਼+ਛ2, ਛ2ਯਾਨੀ ਵਿਆਪਕ ਲਾਗਤ (ਛੋਮਪਰਏਹਏਨਸਵਿਏ ਛੋਸਟ) ਜਿਸ ਵਿੱਚ ਅ2+ਢਲ਼ ਖਰਚਿਆਂ ਤੋਂ ਇਲਾਵਾ ਉਸ ਦੀ ਕੈਪੀਟਲ (ਪੂੰਜੀ) ਦਾ ਵਿਆਜ , ਜਮੀਨ ਦਾ ਠੇਕਾ, ਮਸ਼ੀਨਰੀ ਦੀ ਘਸਾਈ (ਧਏਪਰਏਚਿਉਟਿੋਨਿ) ਆਦਿ ਪਾ ਕੇ ਲਾਗਤ ਮੁੱਲ ਕੱਢਿਆ ਜਾਂਦਾ ਹੈ। ਮਿਸਾਲ ਦੇ ਤੌਰ ਤੇ ਸਾਲ 2020 ਵਿੱਚ ਪੰਜਾਬ ਸਰਕਾਰ ਨੇ ਛ2 ਦੇ ਹਿਸਾਬ ਨਾਲ ਝੋਨੇ ਦਾ ਲਾਗਤ ਮੁੱਲ 2900 ਰੁਪਏ ਪ੍ਰਤੀ ਕੁਇੰਟਲ ਮੰਗਿਆ ਸੀ ਪਰ ਸਰਕਾਰ ਨੇ 1868 ਰੁਪਏ ਪ੍ਰਤੀ ਕੁਇੰਟਲ ਯਾਨੀ ਅ2+ਢਲ਼ ਨਾਲ ਦਿੱਤਾ ਸੀ। ਗੱਲ ਬੜੀ ਹੈਰਾਨੀਜਨਕ ਲੱਗਦੀ ਕੇ ਜਦੋਂ ਕਾਰਖਾਨਿਆਂ ਵਿੱਚ ਬਣਨ ਵਾਲੀਆਂ ਚੀਜ਼ਾ ਦੀ ਲਾਗਤ ਕੀਮਤ ਕੱਢਦੇ ਹਾਂ ਤਾਂ ਛ2 ਨਾਲ ਕੱਢੀ ਜਾਂਦੀ ਹੈ ਫੇਰਖੇਤੀ ਪੈਦਾਵਾਰ ਵਿੱਚ ਵਿਤਕਰਾ ਕਿਉਂ ? ਕੀ ਕਿਸਾਨਾਂ ਦੇ ਟਰੈਕਟਰ, ਟਰਾਲੀਆਂ, ਸੰਦ, ਮੋਟਰਾਂ ਨਹੀਂ ਘਸਦੀਆਂ !

ਆਮ ਇਨਸਾਨ, ਐਮ ਐਸ ਪੀ ਅਤੇ ਸਰਕਾਰੀ ਖਰੀਦ :- ਅੱਜ ਤਰਾਸਦੀ ਹੈ ਕਿ ਸਰਕਾਰ ਤੇ ਸਰਕਾਰੀ ਅਰਥਸ਼ਾਸ਼ਤਰੀਆਂ ਦਾ ਪ੍ਰਚਾਰ ਇਸ ਤਰ੍ਹਾਂ ਹੈ ਕੇ ਆਮ ਇਨਸਾਨ ਨੂੰ ਲਗਦਾ ਹੈ ਕਿ ਕਿਸਾਨ ਨੂੰ ਐਮ ਐਸ ਪੀ ਤਾਂ ਮਿਲ ਰਹੀ ਫਿਰ ਰੋਲਾ ਕਿਉਂ ? ਦਰਅਸਲ ਸ਼ਾਇਦ ਸਾਡੇ ਸਮਝਾਉਣ ਵਿੱਚ ਫਰਕ ਹੋਵੇ ਕਿਉਂਕਿ 23 ਫਸਲਾਂ ਤੇ ਐਮ ਐਸ ਪੀ ਤੈਅ ਤਾਂ ਕੀਤੀ ਜਾਂਦੀ ਹੈ, ਪਰ ਮਿਲਦੀ ਸਿਰਫ ਉਹਨਾਂ ਫਸਲਾਂ ਤੇ ਹੈ ਜਿਨ੍ਹਾਂ ਦੀ ਸਰਕਾਰੀ ਖਰੀਦ ਹੈ, ਯਾਨੀ ਕਣਕ, ਝੋਨਾ। ਸਭ ਤੋਂ ਵੱਡੀ ਗੱਲ ਕੇ ਐਮ ਐਸ ਪੀ ਨੂੰ ਕੋਈ ਵੀ ਸਰਕਾਰ ਕਾਨੂੰਨ ਵਿੱਚ ਪਾਉਣ ਨੂੰ ਜਾਂ ਬਣਾਉਣ ਨੂੰ ਤਿਆਰ ਨਹੀ। ਸਗੋਂ ਇਹ ਨਵੇਂ ਖੇਤੀ ਕਾਨੂੰਨ ਲਿਆ ਕੇ ਸਰਕਾਰੀ ਖਰੀਦ ਤੋਂ ਖਹਿੜਾ ਛੁਡਾਉਣਾ ਚਾਹੁੰਦੀ ਹੈ, ਫੇਰ ਐਮ ਐਸ ਪੀ ਹੋਵੇ ਨਾ ਹੋਵੇ ਕੌਣ ਮੰਨੇਗਾ ਜਦੋਂ ਕਾਨੂੰਨ ਹੀ ਨਹੀ ਹੈ। ਕਿਹੜਾ ਪ੍ਰਾਈਵੇਟ ਵਪਾਰੀ ਕਿਸਾਨਾਂ ਨੂੰ ਐਮ ਐਸ ਪੀ ਦੇਵੇਗਾ ਜਦੋਂ ਇਸ ਤੇ ਕੋਈ ਕਾਨੂੰਨ ਹੀ ਨਹੀ ਹੈ। ਠਹਏ ੍ਹਨਿਦੁ ਅਖਬਾਰ ਦੀ 19 ਅਕਤੂਬਰ 2020 ਦੀ ਰਿਪੋਰਟ ਮੁਤਾਬਕ 68% ਫਸਲਾਂ ਐਮ ਐਸ ਪੀ ਤੋਂ ਹੇਠਾਂ ਵਿੱਕੀਆ ਹਨ। ਕਣਕ ਦੀ ਐਮ ਐਸ ਪੀ 2020-21 ਵਿੱਚ 1925 ਰੁਪਏ ਸੀ। ਬਿਹਾਰ ਇਹਨਾਂ ਤਿੰਨ ਕਾਨੂੰਨਾਂਨੂੰ ਪਹਿਲਾਂ ਹੀ ਲਾਗੂ ਕਰੀ ਬੈਠਾਂ ਹੈ ਉਥੇ ਕਣਕ ਵੀ 1200 ਤੋ 1400 ਰੁਪਏ ਕੁਇੰਟਲ ਵਿੱਕੀ ਹੈ। ਪੰਜਾਬ ਵਿੱਚ ਮੱਕੀ ਜਿਸਦੀ ਨਿਰਧਾਰਿਤ ਕੀਮਤ 1860 ਰੁਪਏ ਪ੍ਰਤੀ ਕੁਇੰਟਲ ਹੈ, ਪਰ ਵਿਕੀ 1000-1200 ਰੁਪਏ ਪ੍ਰਤੀ ਕੁਇੰਟਲ। ਇਥੇ ਸਿਰਫ ਦੋ ਉਦਾਹਰਨਾਂ ਹੀ ਦਿਤੀਆ ਹਨ ਬਾਕੀ ਫਸਲਾਂ ਦਾ ਵੀ ਇਹੋ ਹੀ ਹਾਲ ਹੈ।

ਕੀ ਐਮ ਐਸ ਪੀ ਕਿਸਾਨ ਦਾ ਹੱਕ ਹੈ :- ਅਗਰ ਅਸੀਂ ਹੋਰ ਚੀਜ਼ ਜਿਵੇਂ ਫਰਿਜ਼, ਫੋਨ ਜਾਂ ਕਰਿਆਨੇ ਦੀ ਲੈ ਲਉ ਉਸ ਤੇ ਐਮ ਆਰ ਪੀ ਲਿਖੀ ਹੈ ਤੇ ਜੇ ਤੁਸੀ ਡਿਸਕਾਉਂਟ ਮੰਗ ਲਵੋ ਤਾਂ ਥੋੜਾ ਜਿਹਾ ਕਰ ਦਿੰਦੇ ਹਨ। ਪਰ ਜੇ ਤੁਸੀ ਹੋਰ ਕਹੋ ਤਾਂ ਅੱਗੋ ਜਵਾਬ ਆਉਂਦਾ ਹੈ ਇਹਨੀ ਤਾਂ ਸਾਨੂੰ ਆਪ ਨੂੰ ਨਹੀਂ ਪੈਂਦੀ ਯਾਨੀ ਕਹਿਣ ਦਾ ਮਤਲਬ ਹੈ ਕਿ ਇਹ ਸਾਡਾ ਘੱਟੋ ਘੱਟ ਮੁੱਲ ਹੈ। ਫੇਰ ਰੇਟ ਲਿਸਟ ਵੀ ਦਿਖਾ ਦਿੱਤੀ ਜਾਂਦੀ ਹੈ ਕਿ ਆਹ ਸਾਡੀ ਖਰੀਦ ਕੀਮਤ ਹੈ। ਅਗਰ ਬਾਕੀ ਚੀਜ਼ਾਂ ਦੀ ਐਮ ਐਸ ਪੀ ਯਾਨੀ ਘੱਟੋ ਘੱਟ ਮੁੱਲ ਤੈਅ ਕੀਤਾ ਜਾਂਦਾ ਹੈ ਤਾਂ ਫੇਰ ਕਿਸਾਨਾਂ ਦੀਆਂ ਜਿਨਸਾਂ ਤੇ ਘੱਟੋ ਘੱਟ ਮੁੱਲ ਤੇ ਰੋਲਾ ਕਿਉਂ ਪੈਂਦਾ ਹੈ। ਇਸ ਨੂੰ ਕਾਨੂੰਨੀ ਜਾਮਾ ਪਹਿਨਾਉਣ ਵਿੱਚ ਕੀ ਦਿੱਕਤ ਹੈ ਕਿਉਂ ਸਰਕਾਰਾਂ ਇਸ ਤੋਂ ਭੱਜ ਰਹੀਆ ਹਨ। ਇਹ ਸਵਾਲ ਲੋਕਾਂ ਤੇ ਸਰਕਾਰ ਵਿੱਚ ਵਧ ਰਹੀ ਬੇਭਰੋਸੇਯੋਗੀ ਨੂੰ ਜਨਮ ਦਿੰਦੇ ਹਨ। ਸਭ ਤੋਂ ਵੱਡੀ ਗੱਲ ਕਾਰਖਾਨਾ ਮਾਲਿਕ ਤਾਂ ਆਪਣੀ ਚੀਜ਼ ਦੀ ਐਮ ਐਸ ਪੀ ਵੀ ਆਪ ਤੈਅ ਕਰਦੇ ਹਨ ਪਰ ਕਿਸਾਨ ਦੀ ਜਿਨਸ ਦੀ ਐਮ ਐਸ ਪੀ ਸਰਕਾਰ ਤੈਅ ਕਰਦੀ ਹੈ। ਇਸ ਵਿੱਚ ਤਰਕ ਆਉਂਦਾ ਹੈ ਕਿ ਕਿਸਾਨਾ ਨੂੰ ਸਬਸਿਡੀ ਦਿੱਤੀ ਜਾਂਦੀ ਹੈ ਇਸ ਵੇਲੇ ਦੋ ਤਰ੍ਹਾਂ ਦੀਆਂ ਸਬਸਿਡੀਆਂ ਕਿਸਾਨਾਂ ਨੂੰ ਮਿਲਦੀਆ ਹਨ, ਬਿਜਲੀ ਅਤੇ ਯੂਰੀਆ ਖਾਦ ਤੇ। ਪਰ ਇਸ ਤਰ੍ਹਾਂ ਕਾਰਖਾਨੇ ਮਾਲਕਾਂ ਨੂੰ ਵੀ ਬਿਜਲੀ ਸਬਸਿਡੀ, ਟੈਕਸ ਹੋਲੀਡੇ (ੋਲਦਿਓ) ਨਿਰਯਾਤ ਤੇ ਅਯਾਤ ਤੇ ਡਿਊਟੀ ਫਰੀ ਹੁੰਦੀ ਹੈ। ਪਰ ਅਸਲ ਵਿੱਚ ਇਹ ਸਮਾਨਤਾ ਨਹੀ ਵਿਤਕਰਾ ਹੈ।ਅਸਲ ਵਿੱਚ ਸਦੀਆਂ ਤੋਂ ਬਹੁਤੇ ਕਿਸਾਨ ਗਰੀਬ ਅਤੇ ਅਨਪੜ੍ਹ ਹੋਣ ਕਰਕੇ ਰੱਬ ਦੇ ਭਾਣੇ ਨੂੰ ਮੰਨ ਕੇ ਚਲਦੇ ਰਹੇ ਅਤੇ ਆਪਣੀ ਕੋਈ ਅਵਾਜ਼ ਬੁਲੰਦ ਨਹੀ ਕਰ ਸਕੇ। ਜੇ ਕੋਈ ਯੂਨੀਅਨ ਬਣਦੀ ਸੀ ਤਾਂ ਉਸਦੇ ਆਗੂਆਂ ਨੂੰ ਕੋਈ ਨਾ ਕੋਈ ਲਾਲਚ ਦੇ ਕੇ ਪਾੜ ਲਿਆ ਜਾਂਦਾ ਸੀ। ਇਹ ਦੇਸ਼ ਵਿੱਚ ਪਹਿਲੀ ਵਾਰ ਹੋਇਆ ਹੈ ਕੇ ਦੇਸ਼ ਦੇ ਕਿਸਾਨ ਇੱਕ ਮੁੱਠ ਹੋ ਕੇ ਆਪਣੇ ਹੱਕਾਂ ਦੀ ਲੜਾਈ ਲੜ ਰਹੇ ਹਨ।

ਐਮ ਆਰ ਪੀ :- ਅੱਜ ਮਹਿੰਗਾਈ ਸਿਰ ਚੜ੍ਹ ਚੁੱਕੀ ਹੈ, ਲੋਕਾਂ ਦੀਆਂ ਬਚਤਾਂ ਤਾਂ ਖਤਮ ਹੋ ਹੀ ਗਈਆਂ ਹਨ। ਸਗੋਂ ਲੋਕ ਘਰ ਦਾ ਖਰਚਾ ਵੀ ਉਧਾਰ ਲੈ ਕੇ ਚਲਾਉਣ ਲਈ ਮਜ਼ਬੂਰ ਹਨ। ਇਸ ਮਹਿੰਗਾਈ ਵਿੱਚ ਸਭ ਤੋਂ ਜਿਆਦਾ ਕੀਮਤਾਂ ਵਧੀਆ ਹਨ, ਖਾਣ ਪੀਣ ਦੀਆਂ ਵਸਤੂਆਂ ਦੀਆਂ। ਜਦ ਕਿ ਦੂਜੇ ਪਾਸੇ ਇਸ ਸਭ ਵਿੱਚ ਅਸੀਂ ਸਰਕਾਰੀ ਅੰਕੜੇ ਦੇਖਦੇ ਹਾਂ ਤਾਂ ਪਤਾ ਲਗਦਾ ਹੈ ਕਿ ਖਾਣ ਪੀਣ ਦੀ ਚੀਜ਼ ਦੀ ਪੈਦਾਵਾਰ ਭੀ ਵਧੀ ਹੈ। ਇਸ ਦਾ ਸਿੱਧਾ ਅਰਥ ਹੈ ਕਿ ਕਿਸਾਨਾਂ ਤੋਂ ਘੱਟ ਭਾਅ ਤੇ ਲੈ ਕੇ ਜਮ੍ਹਾਂਖੋਰੀ ਕਰਕੇ ਕੁੱਝ ਵੱਡੇ ਘਰਾਣੇ ਇਸ ਨੂੰ ਦੁੱਗਣੀ ਤਿੱਗਣੀ ਕੀਮਤ ਤੇ ਵੇਚ ਰਹੇ ਹਨ। ਜਿਵੇਂ ਸਰੋਂ ਦਾ ਤੇਲ 100 ਰੁਪਏ ਤੋਂ 225 ਰੁਪਏ ਹੋ ਗਿਆ। ਹੁਣ ਸਰਕਾਰ ਨੂੰ ਚਾਹੀਦਾ ਹੈ ਕਿ ਐਮ ਐਸ ਪੀ ਦੇ ਨਾਲ ਨਾਲ ਪ੍ਰੋਰਸਿੰਗ ਦੇ ਅੰਦਾਜ਼ਨ ਖਰਚੇ ਪਾ ਕੇ ਐਮ ਆਰ ਪੀ ਵੀ ਤੈਅ ਕਰਨੀ ਚਾਹੀਦੀ ਹੈ। ਹੁਣ ਦੇਖੋਂ ਕਣਕ ਤਾਂ ਵਧੀ 50 ਪੈਸੇ ਕਿਲੋ, ਪਰ ਬਰੈਡ ਜਿਹੜੀ 400 ਗਰਾਮ ਦੀ ਹੈ ਉਸ ਵਿੱਚ ਤਕਰੀਬਨ 200 ਗਰਾਮ ਆਟਾ ਹੈ ਉਸ ਦੀ ਕੀਮਤ ਇਕੱਠੀ ਹੀ 5 ਰੁਪਏ ਵਧਾ ਦਿੱਤੀ ਗਈ। ਕੀ ਇਹ ਜਾਇਜ ਹੈ-ਸਰਕਾਰਾਂ ਇਸ ਤੇ ਚੁੱਪ ਹਨ ਕਿਉਂਕਿ ਉਹਨਾਂ ਨੇ ਪਾਰਟੀ ਫੰਡ ਲੈਣੇ ਹਨ। ਜੇ ਜਿਨਸ ਦੀ ਕੀਮਤ ਵਧਦੀ ਹੈ ਤਾਂ ਸਰਕਾਰ ਕਹਿੰਦੀ ਹੈ ਇਸ ਨਾਲ ਮਹਿੰਗਾਈ ਵਧੇਗੀ ਪਰ ਜਦੋ ਉਸ ਜਿਨਸ ਦੇ ਪ੍ਰੋਡਕਟ ਮਹਿੰਗੇ ਵਿਕਦੇ ਹਨ ਤਾਂ ਸਰਕਾਰ ਚੁੱਪ ਕਰ ਜਾਂਦੀ ਹੈ, ਕਾਰਨ ਸਭ ਜਾਣਦੇ ਹਨ। ਸਰਕਾਰਾਂ ਇਸ ਵੇਲੇ ਆਮ ਲੋਕਾਂ ਨੂੰ ਗਰੀਬੀ ਤੋਂ ਬਚਾਉਣ ਦਾ ਕੋਈ ਹੀਲਾਂ ਨਹੀ ਕਰ ਰਹੀਆਂ ਹਨ। ਇਨਾਂ ਜਰੂਰ ਹੈ ਕਿ ਵੋਟਰਾਂ ਨੂੰ ਸਹਿਕਦੇ ਰੱਖਣ ਲਈ 5 ਕਿਲੋ ਪ੍ਰਤੀ ਮਹੀਨਾ ਅਨਾਜ ਜਰੂਰ ਦੇ ਰਹੀਆਂ ਹਨ ਪਰ ਸ਼ਾਇਦ ਇਹ ਭੁੱਲ ਗਈਆਂ ਹਨ ਕੇ ਅੱਤ ਦੀ ਗਰੀਬੀ ਵਿਚੋਂ ਜੋ ਸਮੱਸਿਆਵਾਂ ਉਤਪਨ ਹੁੰਦੀਆ ਹਨ ਉਨ੍ਹਾਂ ਦਾ ਹੱਲ ਲੱਭਣਾ ਔਖਾ ਹੋ ਜਾਂਦਾ ਹੈ।

ਸੋ ਸਰਕਾਰ ਨੂੰ ਸੋਚਣਾ ਚਾਹੀਦਾ ਕੇ ਵਿਕਸਤ ਦੇਸ਼ ਖਾਸ ਕਰਕੇ ਯੂਰਪ ਦੇ ਵਿੱਚ ਵੀ ਫਿਨਲੈਂਡ, ਜਰਮਨੀ, ਨਿਦਰਲੈਂਡ ਆਦਿ ਨੌਰਡਿਕ ਮਾਡਲ ਵਰਤਦੇ ਹਨ , ਜਿਸ ਵਿੱਚ ਪੂੰਜੀਕਰਨ ਅਤੇ ਮਾਰਕਿਟ ਕੁਸ਼ਲਤਾ ਦੇ ਨਾਲ ਨਾਲ ਸਮਾਜ ਭਲਾਈ ਨੂੰ ਵੀ ਧਿਆਨ ਵਿੱਚ ਰੱਖਿਆ ਜਾਂਦਾ ਹੈ,ਭਾਵ ਕਿ ਹਰ ਵਰਗ ਦੀ ਆਮਦਨ ਨੂੰ ਵੀ ਧਿਆਨ ਵਿੱਚ ਰੱਖਿਆ ਜਾਂਦਾ ਹੈ। ਅੱਜ ਚੀਨ ਭੀ ਇਸ ਪਾਸੇ ਸੋਚ ਰਿਹਾ ਹੈ ਕਿ ਅਮੀਰ ਅਤੇ ਗਰੀਬ ਲੋਕਾਂ ਵਿੱਚ ਪਾੜਾ ਘਟਣਾ ਚਾਹੀਦਾ ਹੈ। ਸਾਡੇ ਦੇਸ਼ ਵਿੱਚ 2017 ਵਿੱਚ ਜਿੰਨੀ ਦੌਲਤ ਪੈਦਾ ਹੋਈ ਉਸ ਦਾ 73 ਪ੍ਰਤੀਸ਼ਤ ਹਿੱਸਾ ਉਪਰਲੇ 1 ਪ੍ਰਤੀਸ਼ਤ ਲੋਕ ਹੀ ਲੇ ਗਏ। 2019 ਵਿੱਚ ਦੇਸ਼ ਦੀ ਕੁੱਲ ਦੌਲਤ ਦਾ 80 ਪ੍ਰਤੀਸ਼ਤ ਹਿੱਸਾ ਉਪਰਲੇ 10 ਪ੍ਰਤੀਸ਼ਤ ਲੋਕਾਂ ਕੋਲ ਹੀ ਸੀ ਅਤੇ ਸਿਰਫ 20% ਹਿੱਸਾ 90 % ਲੋਕਾ ਕੋਲ ਸੀ। ਇਸ ਦਾ ਕਾਰਣ ਹਰ ਜਗ੍ਹਾ ਤੇ ਐਫਿਸ਼ੈਸੀ ਦੇ ਨਾਮ ਤੇ ਆਟੋਮੇਸ਼ਨ ਲਿਆਦੀ ਜਾ ਰਹੀ ਜਿਸ ਨਾਲ ਬੇਰੁਜ਼ਗਾਰੀ ਵਧੀ ਜਾ ਰਹੀ ਹੈ ਅਤੇ ਅਮੀਰ ਗਰੀਬ ਵਿੱਚ ਪਾੜਾ ਭੀ ਵਧੀ ਜਾ ਰਿਹਾ ਹੈ। ਆਟੋਮੇਸ਼ਨ ਅਮੀਰ ਦੇਸ਼ਾਂ ਦੀ ਲੋੜ ਸੀ ਜਿਥੇ ਅਬਾਦੀ ਘੱਟ ਹੈ, ਉਥੇ ਨਹੀ ਜਿਥੇ ਲਕਾਂ ਦਾ ਰੋਜਗਾਰ ਖੁਸੇ, ਪਹਿਲਾਂ ਰੋਜ਼ਗਾਰ ਖੋ ਲਉ ਫਿਰ ਮਨਰੇਗਾ, ਉਜਲਾ, ਫਰੀ ਟਾਇਲਟ, ਮੁਫਤ ਅਨਾਜ ਅਤੇ ਬੱਸਾਂ ਵਰਗੀਆਂ ਸਕੀਮਾਂ ਚਲਾਓ। ਅੱਜ ਸ਼ਹਿਰਾਂ ਵਿੱਚ ਪਾਈਪਡ ਗੈਸ ਸਪਲਾਈ ਲਈ ਪਾਈਪਾਂ ਵਿਛਾਈਆਂ ਜਾ ਰਹੀਆ ਹਨ ਜੋ ਟਰੱਕਾ ਵਾਲੇ ਰਿਕਸ਼ਿਆ ਵਾਲੇ ਵਿਹਲੇ ਹੋਣਗੇ ਉਹਨਾਂ ਲਈ ਸਰਕਾਰ ਨੇ ਕੀ ਕੰਮ ਸੋਚਿਆ ਹੈ। ਦੇਸ਼ ਵਿੱਚ ਆਰਥਿਕ ਮੰਦੀ ਦਾ ਭੀ ਇਹੋ ਹੀ ਕਾਰਣ ਹੈ ਕਿ ਪੈਦਾ ਕੀਤੀਆ ਵਸਤੂਆ ਦੀ ਖਪਤ ਨਹੀ ਹੋ ਰਹੀ।

ਪਰ ਇੱਥੇ ਸੋਚਣ ਦੀ ਲੋੜ ਹੈ ਕੇ ਜੇ ਲੋਕਾਂ ਕੋਲ ਪੈਸਾ ਹੋਊਗਾ ਤਾਂ ਹੀ ਉਹ ਖਰੀਦ ਸਕਣਗੇ ਤੇ ਜੇ ਲੋਕਾਂ ਨੂੰ ਬਚਾਉਣਾ ਹੈ ਤਾਂ ਸਭ ਤੋਂ ਪਹਿਲਾਂ ਐਮ ਐਸ ਪੀ ਤੇ ਐਮ ਆਰ ਪੀ ਨੂੰ ਫਿਕਸ ਕਰਨਾ ਹੋਊਗਾ ਤਾਂ ਜੋ ਕਿਸਾਨ ਅਤੇ ਮਜ਼ਦੂਰ ਖਪਤਕਾਰ ਜਿਹਨਾਂ ਦੀ ਬਹੁ ਗਿਣਤੀ ਹੈ ਉਹਨਾਂ ਨੂੰ ਬਚਾਇਆ ਜਾ ਸਕੇ।ਸੋ ਇਸ ਤਰ੍ਹਾਂ ਦਾ ਪ੍ਰਬੰਧ ਹੋਵੇ ਕੇ ਮੁਫਤ ਦੀ ਰਾਜਨੀਤੀ ਬੰਦ ਹੋਵੇ ਤਾਂ ਹਰ ਇਕ ਲਈ ਰੋਜ਼ਗਾਰ ਦੇ ਐਨੇ ਕੁ ਮੌਕੇ ਪੈਦਾ ਕੀਤੇ ਜਾਣ ਕਿ ਉਹ ਆਪਣੀ ਰੋਟੀ ਕਮਾ ਕੇ ਖਾ ਸਕੇ। ਐਮ ਐਸ ਪੀ ਅਤੇ ਐਮ ਆਰ ਪੀ ਦੋਨੋ ਨਾਲ ਨਾਲ ਸਰਕਾਰ ਦੀ ਨਿਗਰਾਨੀ ਹੇਠ ਚੱਲਣ ਤਾਂ ਕਿ ਕਿਸਾਨ ਨੂੰ ਉਸਦੀ ਫਸਲ ਦਾ ਮੁੱਲਮਿਲੇ ਉਧਰ ਵਪਾਰੀ ਨੂੰ ਭੀ ਜਾਇਜ ਮੁਨਾਫਾ ਮਿਲੇ ਤਾਂ ਕਿ ਉਸਦਾ ਭੀ ਚੁੱਲ੍ਹਾ ਚਲਦਾ ਰਹੇ ਅਤੇ ਖਪਤਕਾਰ ਨੂੰ ਭੀ ਵਾਜਬ ਮੁੱਲ ਤੇ ਖਾਣ ਦੀਆਂ ਵਸਤੂਆ ਮਿਲਣ।

ਡਾ. ਅਮਨਪ੍ਰੀਤ ਸਿੰਘ ਬਰਾੜ
9653790000

# ਪੰਜਾਬ ਦੇ ਪਿੰਡਾਂ ਵਿੱਚ ਸਿਆਸੀ ਆਗੂਆਂ ਦੇ ਦਾਖਲੇ 'ਤੇ ਪਾਬੰਦੀ ਬਾਰੇ ਨੋਟਿਸ ਬੋਰਡ ਲੱਗਣ ਲੱਗੇ

ਚੰਡੀਗੜ੍ਹ, 23 ਅਗਸਤ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਖਿਲਾਫ ਛਿੜੀ ਕਿਸਾਨੀ ਜੰਗ ਪੰਜਾਬ ਵਿੱਚ ਨਵੀਂ ਲਹਿਰ ਦਾ ਸੁਨੇਹਾ ਬਣਨ ਲੱਗ ਪਈ ਹੈ, ਜਿਸ ਹੇਠ ਪਿੰਡਾਂ ਵਿੱਚ ਜੂਹਾਂ ਉੱਤੇ ਚਿਤਾਵਨੀ ਬੋਰਡ ਲੱਗਣ ਲੱਗ ਗਏ ਹਨ। ਮਾਲਵੇ ਵਿੱਚਇਸ ਦੀ ਪਹਿਲਕਰਦਿਆਂ ਕਰੀਬ ਸਵਾ ਸੌ ਪਿੰਡਾਂ ਵਿੱਚ ਸਿਆਸੀ ਧਿਰਾਂ ਦੇ ਦਾਖਲੇ ਬਾਰੇ ਪਾਬੰਦੀ ਲਾਏ ਜਾਣ ਦੇ ਫੈਸਲੇ ਹੋ ਗਏ ਹਨ। ਕਿਸੇ ਥਾਂ ਸਭਨਾਂ ਧਿਰਾਂ ਦੇ ਨੇਤਾਵਾਂ ਦੇ ਬਾਈਕਾਟ ਦੀ ਗੱਲ ਕਹੀ ਗਈ ਹੈ ਤੇ ਕਿਸੇ ਪਿੰਡ ਵਿੱਚ ਕਿਸੇ ਖਾਸ ਪਾਰਟੀ ਦੇ ਆਗੂਆਂ ਨੂੰ ਪਿੰਡ ਦੀ ਜੂਹ ਵਿੱਚ ਨਾ ਵੜਨ ਨੂੰ ਕਿਹਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਚੌਕਸੀ ਬੋਰਡ ਲਾਉਣ ਵਿੱਚ ਬਠਿੰਡਾ ਜ਼ਿਲ੍ਹਾ ਸਭ ਤੋਂ ਅੱਗੇ ਹੈ, ਜਿੱਥੇ 26 ਪਿੰਡਾਂ ਵਿੱਚ ਸਿਆਸੀ ਆਗੂਆਂ ਦੇ ਬਾਈਕਾਟ ਦਾ ਫੈਸਲਾ ਹੋ ਚੁੱਕਾ ਹੈ। ਪਿੰਡ ਜੰਗੀਰਾਣਾ ਵਿੱਚ ਆਗੂਆਂ ਨੂੰ ਪੋਸਟਰ ਲਾਏ ਜਾਣ ਦੀ ਵੀ ਮਨਾਹੀ ਕਰ ਦਿੱਤੀ ਗਈ ਹੈ। ਇਸ ਪਿੰਡ ਵਿੱਚ ਕੋਈ ਸਿਆਸੀ ਪੋਸਟਰ ਲਾ ਗਿਆ ਸੀ, ਪਰ ਕਿਸਾਨ ਆਗੂਆਂ ਨੇ ਤਾੜਨਾ ਕਰ ਕੇ ਉਤਾਰ ਦਿੱਤਾ ਹੈ। ਇਸ ਜ਼ਿਲੇ ਦੇ ਪਿੰਡ ਨੰਗਲਾ, ਬਹਿਮਣ ਜੱਸਾ ਸਿੰਘ, ਜਿਊਂਦ, ਕਲਾਲਵਾਲਾ, ਬੁਰਜ ਮਹਿਮਾ, ਫੁੱਲੋਮਿੱਠੀ ਅਤੇ ਚੱਠੇਵਾਲਾ ਅਤੇ ਹੋਰ ਪਿੰਡਾਂ ਨੇ ਅਜਿਹੇ ਫੈਸਲੇ ਕੀਤੇ ਹਨ। ਮਾਨਸਾ ਜ਼ਿਲ੍ਹੇ ਦੇ 23



ਪਿੰਡਾਂ ਵਿੱਚ ਚਿਤਾਵਨੀ ਬੋਰਡ ਲੱਗ ਗਏ ਹਨ। ਪਿੰਡ ਗੋਬਿੰਦਪੁਰਾ ਦੇ ਕਿਸਾਨ ਨੇਤਾ ਮੇਜਰ ਸਿੰਘ ਨੇ ਕਿਹਾ ਕਿ ਪੇਂਡੂ ਜਵਾਨੀ ਅਤੇ ਕਿਸਾਨੀ ਵਿੱਚ ਸਭ ਸਿਆਸਤਦਾਨਾਂ ਬਾਰੇ ਬਹੁਤ ਗੁੱਸਾ ਹੈ ਕਿ ਉਨ੍ਹਾਂ ਦੀ ਕਦੇ ਕਿਸੇ ਨੇ ਬਾਂਹ ਨਹੀਂ ਫੜੀ।

ਵਰਨਣ ਯੋਗ ਹੈ ਕਿ ਸੰਯੁਕਤ ਕਿਸਾਨ ਮੋਰਚਾ ਨੇ ਸਿਰਫ ਭਾਜਪਾ ਆਗੂਆਂ ਦੇ ਬਾਈਕਾਟ ਦਾ ਸੱਦਾ ਦਿੱਤਾ ਸੀ ਤੇ ਬਾਕੀ ਸਿਆਸੀ ਧਿਰਾਂ ਨੂੰ ਸਿਰਫ ਸੁਆਲ ਪੁੱਛਣ ਲਈ ਕਿਹਾ ਸੀ। ਪਿੰਡ ਏਨੇ ਜਾਗ ਪਏ ਹਨ ਤੇ ਖਾਸ ਕਰ ਕੇ ਨੌਜਵਾਨ ਤਬਕਾ ਸਿਆਸੀ ਧਿਰਾਂ ਤੋਂ ਔਖ ਵਿੱਚ ਹੈ ਕਿ ਹਰ ਸਿਆਸੀ ਪਾਰਟੀ ਨੂੰ ਇੱਕੋ ਰੱਸੇ ਬੰਨ੍ਹਣ ਤੁਰ ਪਿਆ ਹੈ। ਬਰਨਾਲਾ ਜ਼ਿਲ੍ਹੇ ਦੇ ਕਰੀਬ 15 ਪਿੰਡਾਂ ਵਿੱਚ ਲੋਕਾਂ ਨੇ ਇਕੱਠ ਕਰ ਕੇ ਮਤੇ ਪਾਏ ਅਤੇ ਪਿੰਡ ਦੇ ਮੁੱਖ ਰਾਹਾਂ ਉੱਤੇ ਫਲੈਕਸ ਲਾਏ ਹਨ ਤਾਂ ਜੋ ਕੋਈ ਆਗੂ ਪਿੰਡ ਵਿੱਚ ਨਾ ਵੜੇ। ਪਿੰਡ ਜੋਧਪੁਰ ਵਿੱਚ ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਅਤੇ ਡਕੌਂਦਾ ਗਰੁੱਪਾਂ ਨੇ ਮੀਟਿੰਗ ਕਰ ਕੇ ਸਿਆਸੀ ਧਿਰਾਂ ਦੇ ਬਾਈਕਾਟ ਦਾ ਮਤਾ ਪਾਇਆ ਹੈ। ਕਿਸਾਨ ਆਗੂ ਊਧਮ ਸਿੰਘ ਨੇ ਦੱਸਿਆ ਕਿ ਜਦੋਂ ਤੋਂ ਫੈਸਲਾ ਹੋਇਆ ਹੈ, ਉਦੋਂ ਤੋਂ ਕਿਸੇ ਨੇਤਾ ਨੇ ਪਿੰਡ ਵੱਲ ਮੂੰਹ ਨਹੀਂ ਕੀਤਾ। ਮੁਕਤਸਰ ਜ਼ਿਲ੍ਹੇ ਵਿਚਲੇ ਵੀ ਕਰੀਬ ਇੱਕ ਦਰਜਨ ਪਿੰਡਾਂ ਵਿੱਚ ਏਹੋ ਗੱਲ ਹੋਈ ਹੈ, ਜਿੱਥੇ ਪਿੰਡ ਰਹੂੜਿਆਂ ਵਾਲੀ ਵਿੱਚ ਤਿੰਨ ਚਿਤਾਵਨੀ ਪੋਸਟਰ ਲਾ ਕੇ ਨੌਜਵਾਨਾਂ, ਕਿਸਾਨਾਂ ਤੇ ਮਜ਼ਦੂਰਾਂ ਨੇ ਲੀਡਰਾਂ ਨੂੰ ਤਾੜਨਾ ਕੀਤੀ ਹੈ। ਮੋਗਾ ਜ਼ਿਲੇ ਦੇ ਕਰੀਬ ਡੇਢ ਦਰਜਨ ਪਿੰਡਾਂ ਵਿੱਚ ਇਹੋ ਮਤੇ ਪਾਸ ਹੋਏ ਹਨ। ਫਿਰੋਜ਼ਪੁਰ ਦੇ ਕਰੀਬ 15 ਪਿੰਡਾਂ ਨੇ ਇਸੇ ਤਰ੍ਹਾਂ ਦੇ ਫੈਸਲੇ ਲਏ ਹਨ। ਸੰਗਰੂਰ ਤੇ ਪਟਿਆਲਾ ਦੇ ਕਈ ਪਿੰਡ ਇਸ ਪਾਸੇ ਤੁਰੇ ਹਨ। ਕਿਰਤੀ ਕਿਸਾਨ ਯੂਨੀਅਨ ਦੇ ਸੀਨੀਅਰ ਆਗੂ ਰਜਿੰਦਰ ਸਿੰਘ ਦੀਪ ਸਿੰਘ ਨੇ ਦੱਸਿਆ ਕਿ ਖੇਤੀ ਕਾਨੂੰਨਾਂ ਨੇ ਲੋਕ ਜਗਾ ਦਿੱਤੇ ਹਨ, ਜਿਨ੍ਹਾਂ ਨੂੰ ਹਕੂਮਤਾਂ ਦੀਆਂ ਅਲਾਮਤਾਂ ਨੇ ਜਕੜ ਰੱਖਿਆ ਸੀ।

ਫਾਜ਼ਿਲਕਾ ਦੇ ਕਈ ਪਿੰਡਾਂ ਦੇ ਗੁਰੂ ਘਰਾਂ ਵਿੱਚੋਂ ਮੁਨਿਆਦੀ ਕਰਵਾਈ ਗਈ ਹੈ। ਡਕੌਂਦਾ ਗਰੁੱਪ ਦੇ ਆਗੂ ਹਰਨੇਕ ਸਿੰਘ ਮਹਿਮਾ ਵੱਲੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸਿੱਧੇ ਸੁਆਲ ਕੀਤੇ ਜਾਣ ਪਿੱਛੋਂ ਪੇਂਡੂ ਲੋਕਾਂ ਵਿੱਚ ਸੁਆਲ ਪੁੱਛਣ ਦੀ ਤਾਕਤ ਹੋਰ ਵਧੀ ਹੈ। ਪਿੰਡਾਂ ਦੇ ਸਰਪੰਚ ਇਸ ਬਾਰੇ ਚੁੱਪ ਹਨ ਅਤੇ ਹਰ ਕੋਈ ਕਿਸਾਨੀ ਦੀ ਨਾਰਾਜ਼ਗੀ ਤੋਂ ਡਰ ਰਿਹਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੂੰ ਵੀ ਕਿਸਾਨੀ ਰੋਹ ਦਾ ਰੰਗ ਵੇਖਣਾ ਪਿਆ ਹੈ।

# ਹਾਕੀ ਖਿਡਾਰੀਆਂ ਦੇ ਨਾਂਅ ਉਤੇ ਸਰਕਾਰੀ ਸਕੂਲਾਂ ਦੇ ਨਾਂਅ ਰੱਖੇ ਗਏ

ਚੰਡੀਗੜ੍ਹ, 23 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਸਿੱਖਿਆ ਵਿਭਾਗ ਨੇ ਟੋਕੀਓ ਓਲੰਪਿਕ ਦੌਰਾਨ ਕਾਂਸੀ ਦਾ ਮੈਡਲ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਵਿਚਲੇ ਪੰਜਾਬ ਦੇ ਖਿਡਾਰੀਆਂ ਦੇ ਨਾਂਅ ਉੱਤੇ ਸਰਕਾਰੀ ਸਕੂਲਾਂ ਦੇ ਨਾਂਅ ਰੱਖੇ ਹਨ, ਤਾਂ ਕਿ ਅਗਲੀ ਪੀੜ੍ਹੀ ਦੇ ਨੌਜਵਾਨ ਇਨ੍ਹਾਂ ਤੋਂ ਪ੍ਰੇਰਨਾ ਲੈ ਸਕਣ।

ਇਸ ਬਾਰੇ ਸਿੱਖਿਆ ਮੰਤਰੀ ਪੰਜਾਬ ਵਿਜੇਇੰਦਰ ਸਿੰਗਲਾ ਨੇ ਦੱਸਿਆ ਕਿ ਸਰਕਾਰੀ ਸਕੂਲ ਮਿੱਠਾਪੁਰ, ਜਲੰਧਰ ਅੱਗੇ ਤੋਂ ਓਲੰਪੀਅਨ ਅਤੇ ਹਾਕੀ ਟੀਮ ਦੇ ਕਪਤਾਨ ਮਨਪ੍ਰੀਤ ਸਿੰਘ ਦੇ ਨਾਂਅ ਨਾਲ ਜਾਣਿਆ ਜਾਵੇਗਾ। ਸਰਕਾਰੀ ਸਕੂਲ ਤਿੰਮੋਵਾਲ ਅੰਮ੍ਰਿਤਸਰ ਦਾ ਨਾਂਅ ਉਪ ਕਪਤਾਨ ਹਰਮਨਪ੍ਰੀਤ ਸਿੰਘ ਦੇ ਨਾਂਅ ਉੱਤੇ ਰੱਖਿਆ ਹੈ। ਸਰਕਾਰੀ ਪ੍ਰਾਇਮਰੀ ਸਕੂਲ ਮਿੱਠਾਪੁਰ ਜਲੰਧਰ ਦਾ ਨਾਂਅ ਓਲੰਪੀਅਨ ਵਰੁਣ ਕੁਮਾਰ ਦੇ ਨਾਂਅ ਉੱਤੇ ਰੱਖਿਆ ਹੈ। ਸਰਕਾਰੀ ਸਕੂਲ ਅਟਾਰੀ, ਅੰਮ੍ਰਿਤਸਰ ਅੱਗੇ ਤੋਂ ਓਲੰਪੀਅਨ ਸ਼ਮਸ਼ੇਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਟਾਰੀ



ਲਿਖਿਆ ਜਾਵੇਗਾ। ਸਰਕਾਰੀ ਮਾਡਲ ਸਕੂਲ ਬੇਸਿਕ ਗਰਲਜ਼ ਫਰੀਦਕੋਟ ਨੂੰ ਓਲੰਪੀਅਨ ਰੁਪਿੰਦਰਪਾਲ ਸਿੰਘ ਸਰਕਾਰੀ ਮਿਡਲ ਸਕੂਲ, ਬੇਸਿਕ ਗਰਲਜ਼ ਫਰੀਦਕੋਟ ਨਾਂਅ ਦੇ ਦਿੱਤਾ ਹੈ। ਸਰਕਾਰੀ ਸਕੂਲ ਖੁਸਰੋਪੁਰ, ਜਲੰਧਰ ਨੂੰ ਓਲੰਪੀਅਨ ਹਾਰਦਿਕ ਸਿੰਘ ਸਰਕਾਰੀ ਮਿਡਲ ਸਕੂਲ ਖੁਸਰੋਪੁਰ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਬੁਤਾਲਾ ਅੰਮ੍ਰਿਤਸਰ ਨੂੰ ਓਲੰਪੀਅਨ ਗੁਰਜੰਟ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੁਤਾਲਾ, ਅੰਮ੍ਰਿਤਸਰ ਕਿਹਾ ਜਾਵੇਗਾ। ਸਰਕਾਰੀ ਸਕੂਲ ਚਾਹਲ ਕਲਾਂ, ਗੁਰਦਾਸਪੁਰ ਨੂੰ ਓਲੰਪੀਅਨ ਸਿਮਰਨਜੀਤ ਸਿੰਘ ਸਰਕਾਰੀ ਸਕੂਲ ਚਾਹਲ ਕਲਾਂ ਕਰ ਦਿੱਤਾ ਗਿਆ ਹੈ। ਸਰਕਾਰੀ ਸਕੂਲ ਹੁਸੈਨਪੁਰ, ਆਰ ਸੀ ਐਫ, ਕਪੂਰਥਲਾ ਨੂੰ ਓਲੰਪੀਅਨ ਕ੍ਰਿਸ਼ਨ ਬੀ ਪਾਠਕ ਦੇ ਨਾਂਅ ਉੱਤੇ ਜਾਣਿਆ ਜਾਵੇਗਾ।

# 8762 ਜਾਅਲੀ ਪੈਨਸ਼ਨਰਾਂ ਤੋਂ 17 ਕਰੋੜ ਦੀ ਰਿਕਵਰੀ ਨਹੀਂ ਹੋਈ

ਬਠਿੰਡਾ, 23 ਅਗਸਤ (ਪੋਸਟ ਬਿਊਰੋ)- ਚੋਣਾਂ ਨੇੜੇ ਆਉਣ ਕਾਰਨ ਪਿਛਲੀ ਸਰਕਾਰ ਵੇਲੇ ਹੋਏ ਪੈਨਸ਼ਨ ਘੋਟਾਲੇ ਦੀ ਰਿਕਵਰੀ ਬੰਦ ਕਰ ਦਿੱਤੀ ਗਈ ਹੈ, ਕਿਉਂਕਿ ਸਰਕਾਰ ਕਿਸੇ ਨੂੰ ਨਾਰਾਜ਼ ਕਰਨ ਦੇ ਮੂਡ ਵਿੱਚ ਨਹੀਂ ਹੈ।

ਅਕਾਲੀ-ਭਾਜਪਾ ਸਰਕਾਰ ਦੌਰਾਨ ਪੂਰੇ ਪੰਜਾਬ ਵਿੱਚ ਹੋਏ 162 ਕਰੋੜ ਰੁਪਏ ਦੇ ਪੈਨਸ਼ਨ ਘੋਟਾਲੇ ਦੀ ਰਿਕਵਰੀ ਇੰਨੀ ਹੌਲੀ ਚੱਲ ਰਹੀ ਹੈ ਕਿ ਇਕੱਲੇ ਬਠਿੰਡਾ ਵਿੱਚ ਇੱਕ ਸਾਲ ਵਿੱਚ ਸਿਰਫ 50 ਹਜ਼ਾਰ ਰੁਪਏ ਦੀ ਰਿਕਵਰੀ ਮਸਾਂ ਹੋ ਸਕੀ ਹੈ।ਜਲੰਧਰ ਵਿੱਚ ਡਿਫਾਲਟਰਾਂ ਦੀ ਗਿਣਤੀ 1166 ਹੈ। ਉਨ੍ਹਾਂ ਤੋਂ 3.40 ਕਰੋੜ ਰੁਪਏ ਰਿਕਵਰ ਕੀਤੇ ਜਾਣੇ ਬਾਕੀ ਹਨ। ਸਾਰੇ ਪੰਜਾਬ ਵਿੱਚ ਇਨ੍ਹਾਂ ਦੀ ਕੁੱਲ ਗਿਣਤੀ 8762 ਹੈ ਅਤੇ ਰਿਕਵਰੀ ਦੇ ਪੈਸੇ ਕਰੀਬ 17 ਕਰੋੜ ਹਨ। ਰਿਕਵਰੀ ਘੱਟ ਹੋਣ ਦਾ ਇੱਕ ਕਾਰਨ ਸਿਆਸੀ ਦਬਾਅ ਵੀ ਹੈ। ਜਿਹੜੇ ਲੋਕਾਂ ਤੋਂ ਪੈਨਸ਼ਨ ਦੀ ਰਿਕਵਰੀ ਕਰਨੀ ਹੈ, ਉਹ ਕਿਸੇ ਨਾ ਕਿਸੇ ਨੇਤਾ ਦੀ ਸਿਫਾਰਸ਼ ਕਰਵਾ ਦਿੰਦੇ ਹਨ। ਪੁਲਸ ਪ੍ਰੋਟੈਕਸ਼ਨ ਨਾ ਹੋਣ ਦੇ ਕਾਰਨ ਮੁਲਾਜ਼ਮ ਵੀ ਰਿਕਵਰੀ ਕਰਨ ਲੋਕਾਂ ਦੇ ਘਰ ਜਾਣ ਤੋਂ ਬਚਦੇ ਹਨ।ਪੈਨਸ਼ਨ ਦੀ ਰਿਕਵਰੀ ਲਈ ਵਿਭਾਗ ਨੇ ਟੀਮਾਂ ਬਣਾ ਕੇ ਪਿੰਡਾਂ ਵਿੱਚ ਨੋਟਿਸ ਵੰਡਣ ਲਈ ਭੇਜਿਆ ਸੀ, ਪਰ ਉਥੇ ਲੋਕ ਨੋਟਿਸ ਦੇਣ ਲਈ ਆਈ ਟੀਮ ਦਾ ਘਿਰਾਓ ਕਰ ਲੈਂਦੇ ਹਨ। ਜੇ ਕੋਈ ਨੋਟਿਸ ਲੈ ਵੀ ਲਵੇ ਤਾਂ ਅਣਦੇਖਿਆਂ ਕਰਕੇ ਸੁੱਟ ਦਿੰਦਾ ਹੈ। ਪੈਨਸ਼ਨਾਂ ਦੀ ਰਿਕਵਰੀ ਬਾਰੇ ਹਾਲਾਤ ਇਹ ਹੈ ਕਿ ਪਿੰਡਾਂ ਵਿੱਚ ਲੋਕ ਹੀ ਨਹੀਂ ਮਿਲ ਰਹੇ। ਇਸ ਬਾਰੇ ਜ਼ਿਲ੍ਹਾ ਸਮਾਜਕ ਸੁਰੱਖਿਆ ਅਧਿਕਾਰੀ ਨਵੀਨ ਗੜਵਾਲ ਦਾ ਕਹਿਣਾ ਹੈ ਕਿ ਲੋਕਾਂ ਨੂੰ ਨੋਟਿਸ ਭੇਜੇ ਜਾ ਚੁੱਕੇ ਹਨ। ਜਾਣਕਾਰ ਸੂਤਰਾਂ ਅਨੁਸਾਰ ਨੇਤਾਵਾਂ ਵੱਲੋਂ ਅਧਿਕਾਰੀਆਂ ਉੱਤੇ ਦਬਾਅ ਬਣਾਇਆ ਜਾ ਰਿਹਾ ਹੈ ਕਿ ਉਨ੍ਹਾਂ ਦੇ ਇਲਾਕੇ ਵਿੱਚ ਰਿਕਵਰੀ ਟੀਮ ਨਾ ਭੇਜੀ ਜਾਏ, ਇਸ ਨਾਲ ਵੋਟ ਬੈਂਕ ਪ੍ਰਭਾਵਤ ਹੋਵੇਗਾ। ਜੇ ਇਹੀ ਹਾਲ ਰਿਹਾ ਤਾਂ ਵਿਧਾਨ ਸਭਾ ਚੋਣਾਂ ਤਕ ਤਾਂ ਦੂਰ ਆਉਣ ਵਾਲੇ ਪੰਜ ਸਾਲਾਂ ਵਿੱਚ ਵੀ ਘੋਟਾਲੇਬਾਜ਼ੀ ਤੋਂ ਰਿਕਵਰੀ ਨਹੀਂ ਹੋ ਸਕੇਗੀ।

# ਕੇਂਦਰ ਸਰਕਾਰ ਨੇ ਪੰਜਾਬ ਦੇ ਸ਼ੈਲਰ ਮਾਲਕਾਂ ਉੱਤੇ ਸ਼ਿਕੰਜਾ ਕੱਸਿਆ

ਜਲੰਧਰ, 23 ਅਗਸਤ (ਪੋਸਟ ਬਿਊਰੋ)- ਤਿੰਨ ਖੇਤੀਬਾੜੀ ਕਾਨੂੰਨਾਂ ਵਿਰੁੱਧ ਪੰਜਾਬ ਅਤੇ ਹੋਰ ਰਾਜਾਂ ਦੇ ਕਿਸਾਨਾਂ ਵੱਲੋਂ ਪਿੱਛਲੇ ਲੱਗਭਗ ਇੱਕ ਸਾਲ ਤੋਂ ਕੀਤਾ ਜਾ ਰਿਹਾ ਸੰਘਰਸ਼ ਲਗਾਤਾਰ ਜਾਰੀ ਹੈ। ਅੱਗੋਂ ਕੇਂਦਰ ਸਰਕਾਰ ਨੇ ਸ਼ੈਲਰ ਮਾਲਕਾਂ ਉੱਤੇ ਸ਼ਿਕੰਜਾ ਕੱਸ ਕੇ ਪੰਜਾਬ ਦੇ ਕਿਸਾਨਾਂ ਉੱਤੇ ਨਵਾਂ ਹਮਲਾ ਬੋਲਿਆ ਹੈ।

ਪੰਜਾਬ ਰਾਈਸ ਮਿਲਰਜ਼ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਰਾਕੇਸ ਜੈਨ ਨੇ ਇਹ ਦੋਸ਼ ਲਾਉਂਦੇ ਹੋਏ ਦੱਸਿਆ ਕਿ ਕੇਂਦਰ ਸਰਕਾਰ ਨੇ ਚੌਲ ਲੈਣ ਲਈ ਜਿਹੜੇ ਪੈਮਾਨੇ ਨਵੇਂ ਸਿਰਿਓਂ ਮਿਥੇ ਹਨ, ਉਨ੍ਹਾਂ ਮੁਤਾਬਕ ਚੌਲ ਤਿਆਰ ਨਹੀਂ ਹੋ ਸਕਦਾ। ਚੌਲ ਵਿੱਚ ਟੋਟੇ ਦੀ ਮਾਤਰਾ 25 ਫ਼ੀਸਦੀ ਤੋਂ ਘਟਾ ਕੇ 20 ਫ਼ੀਸਦੀ ਕਰ ਦਿੱਤੀ ਗਈ ਹੈ। ਡੈਮੇਜ ਦੀ ਮਾਤਰਾ ਵੀ ਦੋ ਫ਼ੀਸਦੀ ਅਤੇ ਨਮੀ 14 ਫ਼ੀਸਦੀ ਪ੍ਰਵਾਨ ਹੋਵੇਗੀ। ਕਿਸਾਨਾਂ ਨੂੰ 17 ਦੀ ਬਜਾਏ 16 ਫ਼ੀਸਦੀ ਨਮੀ ਤਕ ਝੋਨਾ ਮੰਡੀਆਂ ਵਿੱਚ ਲਿਆਉਣਾ ਹੋਵੇਗਾ।ਉਨ੍ਹਾਂ ਦੱਸਿਆ ਕਿ ਇਨ੍ਹਾਂ ਨਵੇਂ ਨਿਯਮਾਂ ਨੂੰ ਜਿੱਥੇ ਸ਼ੈਲਰ ਮਾਲਕ ਪਹਿਲਾਂ ਰੱਦ ਕਰ ਚੁੱਕੇ ਹਨ, ਉਥੇ ਇਹ ਮਾਮਲਾ ਸਭ ਰਾਜਾਂ ਦੇ ਖੁਰਾਕ ਸਕੱਤਰਾਂ ਦੀ ਬੈਠਕ ਵਿੱਚ ਵੀ ਉਠਿਆ, ਜਿਸ ਦੀ ਪ੍ਰਧਾਨਗੀ ਕੇਂਦਰੀ ਖੁਰਾਕ ਸੈਕਟਰੀ ਨੇ ਕੀਤੀ ਸੀ। ਜੈਨ ਨੇ ਦੱਸਿਆ ਕਿ ਉਕਤ ਮੀਟਿੰਗ ਵਿੱਚ ਸਭ ਰਾਜਾਂ ਦੇ ਖੁਰਾਕ ਸੈਕਟਰੀਆਂ, ਖਾਸ ਕਰ ਕੇ ਪੰਜਾਬ ਦੇ ਖੁਰਾਕ ਸੈਕਟਰੀ ਰਾਹੁਲ ਤਿਵਾੜੀ ਨੇ ਨਵੇਂ ਨਿਯਮਾਂ ਬਾਰੇ ਆਪਣੇ ਇਤਰਾਜ਼ ਦਰਜ ਕਰਵਾਏ ,ਪਰ ਕੇਂਦਰੀ ਖੁਰਾਕ ਸੈਕਟਰੀ ਨੇ ਕੋਈ ਵੀ ਸੋਧ ਕਰਨ ਤੋਂ ਸਾਫ ਨਾਂਹ ਕਰ ਦਿੱਤੀ।ਜੈਨ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਨਵੇਂ ਨਿਯਮਾਂ ਕਾਰਨ ਪੰਜਾਬ ਦੀਆਂ ਮੰਡੀਆਂ ਵਿੱਚ 180 ਲੱਖ ਟਨ ਝੋਨਾ ਪਿਆ ਰਹਿ ਜਾਏਗਾ।

# ਅਕਾਲੀ ਦਲ ਵੱਲ ਭਾਜਪਾ ਆਗੂਆਂ ਦੀ ਦਲਬਦਲੀ ਲਈ ਸੁਖਬੀਰ ਨੂੰ ਦਿੱਲੀਓਂ ਭਾਜਪਾ ਦਾ ਇਸ਼ਾਰਾ ਤਾਂ ਨਹੀਂ?

ਮੁੱਲਾਂਪੁਰ ਦਾਖਾ, 23 ਅਗਸਤ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਆਪਣੀ ਪਾਰਟੀ ਵਿੱਚ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੂੰ ਸ਼ਾਮਲ ਕਰਨਾ ਇੱਕ ਵੱਡੀ ਖੇਡ ਤਾਂ ਨਹੀਂ? ਜੇ ਪਿਛਲਾ ਰਾਜਨੀਤਕ ਹਿਸਾਬ ਲਾਇਆ ਜਾਵੇ ਤਾਂ ਸਪੱਸ਼ਟ ਵਿਖਾਈ ਦੇਂਦਾ ਹੈ ਕਿ ਅਕਾਲੀ ਦਲ ਅਤੇ ਭਾਜਪਾ ਦਾ ਤੋੜ ਵਿਛੋੜਾ ਹੋਣ ਤੋਂ ਪਹਿਲਾਂ ਕਿਸਾਨਾਂ ਲਈ ਕੇਂਦਰ ਸਰਕਾਰ ਵੱਲੋਂਬਣਾਏ ਤਿੰਨ ਕਾਨੂੰਨਾਂ ਦੇ ਕਾਰਨ ਅਕਾਲੀ ਦਲ ਵੱਲੋਂ ਪਹਿਲਾਂ ਹਮਾਇਤ ਦੇਣ ਅਤੇ ਫਿਰ ਕਾਨੂੰਨਾਂ ਦਾ ਵਿਰੋਧ ਕਰਦਿਆਂ ਅਹੁਦਿਆਂ ਤੋਂ ਅਸਤੀਫ਼ਾ ਦੇਣਾ ਇੱਕ ਬੁਝਾਰਤ ਲੱਗਦੀ ਹੈ।

ਸਿਆਸੀ ਮਾਹਿਰਾਂਦੇ ਮੁਤਾਬਕ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦੀ ਭਾਜਪਾ ਨੂੰ ਅੰਦਰੋਗਤੀ ਇਹ ਸਲਾਹ ਹੈ ਕਿ ਭਾਜਪਾ ਨਾਲ ਲੋਕਾਂ ਦੀ ਭਾਰੀ ਨਾਰਾਜ਼ਗੀ ਹੈ, ਇਸ ਲਈਪੰਜਾਬ ਦੇ ਭਾਜਪਾ ਲੀਡਰਾਂ ਦੀ ਅਕਾਲੀ ਦਲ ਵਿੱਚ ਸ਼ਮੂਲੀਅਤ ਨੂੰ ਉਤਸ਼ਾਹਤ ਕੀਤਾ ਜਾਏ, ਕਿਉਂਕਿ ਕਿਸਾਨੀ ਮੋਰਚੇ ਦੇ ਕਾਰਨ ਡਿੱਗੀ ਸਾਖ਼ ਨੂੰ ਬਚਾਉਣ ਲਈ ਸੁਖਬੀਰ ਸਿੰਘ ਬਾਦਲ ਨੂੰ ਇਹ ਸਾਫ਼ ਪਤਾ ਲੱਗ ਗਿਆ ਹੈ ਕਿ ਬਗੈਰ ਹਿੰਦੂਆਂ ਤੋਂ ਉਨ੍ਹਾਂ ਦੀ ਦਾਲ ਨਹੀਂ ਗਲਣੀ। ਰਾਜਸੀ ਮਾਹਰਾਂ ਦੇ ਮੁਤਾ-ਬਕ ਹੋ ਸਕਦਾ ਹੈ ਕਿ ਦਿੱਲੀ ਵਾਲਿਆਂ ਦੀ ਸਹਿਮਤੀ ਨਾਲ ਪੰਜਾਬ ਦੇ ਭਾਜਪਾ ਆਗੂਆਂ ਨੂੰ ਚੋਰ ਮੋਰੀ ਰਾਹੀਂ ਬਾਦਲ ਦਲ ਅੰਦਰ ਸ਼ਾਮਲ ਕਰਵਾ ਕੇ ਕੋਈ ਵਿਉਂਤਬੰਦੀ ਬਣਾਈ ਜਾ ਰਹੀ ਹੋਵੇ। ਇਨ੍ਹਾਂ ਮਾਹਰਾਂ ਦਾ ਕਹਿਣਾ ਹੈ ਕਿ ਸੁਖਬੀਰ ਸਿੰਘ ਬਾਦਲ ਨੇ ਅੰਦਰ ਖਾਤੇ ਗੱਲਬਾਤ ਕੀਤੀ ਹੋਵੇਗੀ।

# ਦੋ ਦਹਾਕਿਆਂ ਪਿੱਛੋਂ ਅਫ਼ਗਾਨ ਵਿੱਚ ਬੁਰਕਿਆਂ ਦੀ ਮੰਗ ਫਿਰ ਵਧੀ

ਅੰਮ੍ਰਿਤਸਰ, 23 ਅਗਸਤ (ਪੋਸਟ ਬਿਊਰੋ)- ਅਫ਼ਗਾਨਿਸਤਾਨ ਵਿੱਚ ਤਾਲਿਬਾਨ ਵੱਲੋਂ ਔਰਤਾਂ ਲਈ ਬੁਰਕਾ ਪਹਿਨਣਾ ਲਾਜ਼ਮੀ ਕੀਤੇ ਜਾਣ ਦੇ ਫ਼ਤਵੇ ਨਾਲ ਉਥੇ ਫਿਰ ਤੋਂ ਬੁਰਕਿਆਂ ਦੀ ਮੰਗ ਫਿਰ ਵਧ ਗਈ ਹੈ। ਹੇਰਾਤ, ਮਜ਼ਾਰ-ਏ-ਸ਼ਰੀਫ਼, ਲਸ਼ਕਰਗਾਹ, ਕੰਧਾਰ ਤੇ ਕਾਬੁਲ ਆਦਿ ਰਾਜਾਂ ਵਿੱਚ ਹਰ ਪਾਸੇ ਬਾਜ਼ਾਰਾਂ ਵਿੱਚ ਬੁਰਕਿਆਂ ਨਾਲ ਸੱਜੀਆਂ ਦੁਕਾਨਾਂ ਵਿਖਾਈ ਦੇ ਰਹੀਆਂ ਹਨ। ਵਿਦਿਆਰਥਣਾਂ ਅਤੇ ਨੌਕਰੀ-ਪੇਸ਼ਾ ਔਰਤਾਂ ਦਾ ਕਹਿਣਾ ਹੈ ਕਿ ਬੁਰਕੇ ਨਾਲ ਢੱਕ ਕੇ ਕੰਮ ਕਰਨਾ ਜਾਂ ਵਿੱਦਿਅਕ ਅਦਾਰਿਆਂ ਵਿੱਚ ਪੜ੍ਹਾਈ ਕਰਨਾ ਬਹੁਤ ਮੁਸ਼ਕਿਲ ਹੈ। ਦੁਕਾਨਦਾਰਾਂ ਨੇ ਬੁਰਕੇ ਦੀ ਕੀਮਤ ਦੋ ਹਜ਼ਾਰ ਤੋਂ ਵਧਾ ਛੇ ਹਜ਼ਾਰ ਰੁਪਏ (ਅਫ਼ਗਾਨੀ ਕਰੰਸੀ) ਕਰ ਦਿੱਤੀ ਹੈ।

ਇਸ ਬਾਰੇ ਦੁਕਾਨਦਾਰਾਂ ਦਾ ਕਹਿਣਾ ਹੈ ਕਿ ਜ਼ਿਆਦਤਰ ਔਰਤਾਂ ਨੂੰ ਡਰ ਹੈ ਕਿ ਅਗਲੇ ਦਿਨਾਂ ਵਿੱਚ ਬੁਰਕਿਆਂ ਦੀ ਕੀਮਤਹੋਰ ਵਧੇਗੀ, ਇਸ ਲਈ ਬੁਰਕਿਆਂ ਦੀ ਮੰਗ ਵਿੱਚ ਵੱਡਾ ਵਾਧਾ ਵੇਖਣ ਨੂੰ ਮਿਲ ਰਿਹਾ ਹੈ। ਕੁਝ ਅਫ਼ਗਾਨ ਔਰਤਾਂ ਦੀ ਦਲੀਲ ਹੈ ਕਿ ਉਨ੍ਹਾਂ ਦੇ ਧਰਮ ਵਿੱਚ ਕਿਸੇ ਵੀ ਵਿਅਕਤੀ ਜਾਂ ਵਰਗ ਨੂੰ ਔਰਤਾਂ ਦੇ ਕੱਪੜਿਆਂ ਉੱਤੇ ਪਾਬੰਦੀ ਲਾਉਣ ਦੀ ਇਜਾਜ਼ਤ ਨਹੀਂ, ਜਦਕਿ ਤਾਲਿਬਾਨ ਬੰਦੂਕ ਦੇ ਜ਼ੋਰ ਉੱਤੇ ਆਪਣੇ ਵੱਲੋਂ ਜਾਰੀ ਫ਼ਤਵੇ ਲਾਗੂ ਕਰਾ ਰਹੇ ਹਨ। ਦੂਸਰੇ ਪਾਸੇ ਤਾਲਿਬਾਨ ਦੇ ਬੁਲਾਰੇ ਜ਼ਬੀਹੁੱਲਾ ਮੁਜਾਹਿਦ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਬੁਰਕਾ ਪਹਿਨਣਾ ਅਫ਼ਗਾਨ ਪਰੰਪਰਾ ਦਾ ਹਿੱਸਾ ਹੈ ਅਤੇ ਔਰਤਾਂ ਨੂੰ ਘਰ ਤੋਂ ਬਾਹਰ ਜਾਣ ਵੇਲੇ ਪੂਰਾ ਬੁਰਕਾ ਜਾਂ ਹਿਜਾਬ ਪਹਿਨਣਾ ਚਾਹੀਦਾ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਲੇਡੀ ਵਰਕਰ ਦੀ ਲੋੜ

Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

ਹੈਂਡੀਮੈਨ ਦੀ ਲੋੜ

ਪਲੰਬਿੰਗ, ਇਲੈਕਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।

ਸੰਪਰਕ: 416-816-1695

ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

ਨੈਨੀ ਦੀ ਲੋੜ

ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।

ਸੰਪਰਕ ਕਰੋ:
416556
6884

ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

ਸੰਪਰਕ: 647-205-5909,
416-618-3358

A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

] ਮੁਫਤ ਪਿਕਅਪ ਅਤੇਂ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀਜ਼ ਇੰਸਟ੍ਰਕਟਰ

647-998-7500 ਬਲਵਿੰਦਰ

# ਭਾਰਤ ਨੇ ਅਫ਼ਗਾਨਿਸਤਾਨ ਤੋਂ ਦੋ ਸਿੱਖ ਐੱਮ ਪੀਜ਼ ਸਮੇਤ 395 ਲੋਕ ਲਿਆਂਦੇ





ਅਫਗਾਨ ਦੇ ਸਾਬਕਾ ਐਮਪੀ ਨਰਿੰਦਰ ਸਿੰਘ ਖਾਲਸਾ।

ਨਵੀਂ ਦਿੱਲੀ, 23 ਅਗਸਤ (ਪੋਸਟ ਬਿਊਰੋ)- ਤਾਲਿਬਾਨ ਦੇ ਕਬਜ਼ੇ ਮਗਰੋਂ ਅਫ਼ਗਾਨਿਸਤਾਨ ਵਿੱਚ ਖ਼ਰਾਬ ਹਾਲਾਤ ਦੇ ਕਾਰਨ ਭਾਰਤ ਨੇ ਕਾਬੁਲ ਤੋਂ ਆਪਣੇ ਨਾਗਰਿਕਾਂ ਅਤੇ ਅਫ਼ਗਾਨੀ ਭਾਈਵਾਲਾਂ ਨੂੰ ਸੁਰੱਖਿਅਤ ਕੱਢਣ ਦੇ ਮਿਸ਼ਨ ਹੇਠ ਤਿੰਨ ਵੱਖ-ਵੱਖ ਉਡਾਣਾਂ ਰਾਹੀਂ ਦੋ ਅਫ਼ਗਾਨ ਪਾਰਲੀਮੈਂਟਮੈਂਬਰਾਂ ਸਮੇਤ ਲੱਗਭਗ 395 ਲੋਕਾਂ ਨੂੰ ਕੱਲ੍ਹ ਭਾਰਤ ਲਿਆਂਦਾ ਹੈ। ਇਸ ਦੌਰਾਨ ਤਾਲਿਬਾਨ ਦੇ ਕਬਜ਼ੇ ਤੋਂ ਬਾਅਦ ਲਗਾਤਾਰ ਬਣੇ ਹਫ਼ੜਾ ਦਫ਼ੜੀ ਵਾਲੇ ਮਾਹੌਲ ਦੌਰਾਨ ਰਾਜਧਾਨੀ ਕਾਬੁਲ ਦੇ ਕੌਮਾਂਤਰੀ ਹਵਾਈ ਅੱਡੇ ਦੇ ਨੇੜੇ ਇਕੱਠੀ ਹੋਈ ਭੀੜ ਵਿੱਚ ਮਚੀ ਭਾਜੜ ਕਾਰਨ ਸੱਤ ਅਫ਼ਗਾਨ ਨਾਗਰਿਕ ਮਾਰੇ ਗਏ। ਬ੍ਰਿਟੇਨ ਦੇ ਰੱਖਿਆ ਮੰਤਰਾਲੇ ਨੇ ਇਸ ਦੀ ਪੁਸ਼ਟੀ ਕੀਤੀ ਹੈ।

ਭਾਰਤੀ ਹਵਾਈ ਫ਼ੌਜ ਦੇ ਸੀ-17 ਵਿਸ਼ੇਸ਼ ਜਹਾਜ਼ ਰਾਹੀਂ 107 ਭਾਰਤੀਆਂ ਅਤੇ 23 ਅਫ਼ਗਾਨ ਸਿੱਖਾਂ ਤੇ ਹਿੰਦੂਆਂ ਸਮੇਤ ਕੁੱਲ 168 ਲੋਕਾਂ ਨੂੰ ਕਾਬੁਲ ਤੋਂ ਦਿੱਲੀ ਦੇ ਨੇੜੇ ਹਿੰਡਨ ਹਵਾਈ ਫ਼ੌਜ ਦੇ ਅੱਡੇ ਉੱਤੇ ਲਿਆਂਦਾ ਗਿਆ। ਇਸ ਬਾਰੇ ਅਧਿਕਾਰੀਆਂ ਨੇ ਦੱਸਿਆ ਕਿ 87 ਭਾਰਤੀਆਂ ਅਤੇ ਦੋ ਨਿਪਾਲੀ ਨਾਗਰਿਕਾਂ ਦਾ ਇੱਕ ਗਰੁੱਪ ਦੁਸ਼ਾਂਬੇ ਤੋਂ ਏਅਰ ਇੰਡੀਆ ਦੇ ਇੱਕ ਵਿਸ਼ੇਸ਼ ਜਹਾਜ਼ ਰਾਹੀਂ ਵਾਪਸ ਲਿਆਂਦਾ ਹੈ। ਇੱਕ ਦਿਨ ਪਹਿਲਾਂ ਉਨ੍ਹਾਂ ਨੂੰ ਭਾਰਤੀ ਹਵਾਈ ਫ਼ੌਜ ਦੇ ਇੱਕ ਜਹਾਜ਼ 130ਜੇ ਰਾਹੀਂ ਤਾਜਿਕਸਤਾਨ ਦੀ ਰਾਜਧਾਨੀ ਦੁਸ਼ਾਂਬੇ ਲਿਜਾਇਆ ਗਿਆ ਸੀ। ਇਸੇ ਦੌਰਾਨ ਅਮਰੀਕਾ ਅਤੇ ਨਾਟੋ ਜਹਾਜ਼ ਰਾਹੀਂ ਪਿਛਲੇ ਕੁਝ ਦਿਨਾਂ ਵਿੱਚ ਕਾਬੁਲ ਤੋਂ ਦੋਹਾ ਲਿਆਂਦੇ 135 ਲੋਕਾਂ ਦੇ ਇੱਕ ਗਰੁੱਪ ਨੂੰ ਵਿਸ਼ੇਸ਼ ਜਹਾਜ਼ ਰਾਹੀਂ ਦੋਹਾ ਤੋਂ ਦਿੱਲੀ ਲਿਆਂਦਾ ਗਿਆ। ਕਾਬੁਲ ਤੋਂ ਲਿਆਂਦੇ ਗਏ 168 ਲੋਕਾਂ ਦੇ ਗਰੁੱਪ ਵਿੱਚ ਅਫ਼ਗਾਨਿਸਤਾਨ ਦੀ ਪਾਰਲੀਮੈਂਟ ਮੈਂਬਰ ਅਨਾਰਕਲੀ ਹੋਰਨਯਾਰ ਅਤੇ ਨਰਿੰਦਰ ਸਿੰਘ ਖ਼ਾਲਸਾ ਅਤੇ ਉਨ੍ਹਾਂ ਦੇ ਪਰਵਾਰ ਸ਼ਾਮਲ ਹਨ।

ਇਸ ਮੌਕੇ ਨਰਿੰਦਰ ਸਿੰਘ ਖ਼ਾਲਸਾ ਨੇ ਕਿਹਾ ਕਿ ਭਾਰਤ ਉਨ੍ਹਾਂ ਦਾ ਦੂਜਾ ਘਰ ਹੈ। ਉਨ੍ਹਾਂ ਕਿਹਾ ਕਿ ਭਾਵੇਂ ਅਸੀਂ ਅਫ਼ਗਾਨੀ ਹਾਂ ਅਤੇ ਉਸ ਦੇਸ਼ ਵਿੱਚ ਰਹਿੰਦੇ ਹਾਂ, ਪਰ ਲੋਕ ਅਕਸਰ ਸਾਨੂੰ ਹਿੰਦੁਸਤਾਨੀ ਕਹਿੰਦੇ ਹਨ। ਇਸ ਮੌਕੇ ਖ਼ਾਲਸਾ ਨੇ ਭਾਵੁਕ ਹੁੰਦਿਆਂ ਕਿਹਾ ਕਿ ਅਫ਼ਗਾਨਿਸਤਾਨ, ਜਿਸ ਵਿੱਚ ਉਹ ਪੀੜ੍ਹੀਆਂ ਤੋਂ ਰਹਿ ਰਹੇ ਹਨ, ਦੀ ਏਦਾਂ ਦੀ ਸਥਿਤੀ ਬਣ ਗਈ ਹੈ, ਜੋ ਪਹਿਲਾਂ ਕਦੇ ਨਹੀਂ ਵੇਖੀ। ਉਨ੍ਹਾਂ ਕਿਹਾ ਕਿ 20 ਸਾਲਾਂ ਤੋਂ ਸਥਾਪਤ ਸਰਕਾਰ ਦੇ ਖ਼ਤਮ ਹੋਣ ਨਾਲ ਸਭ ਕੁਝ ਖ਼ਤਮ ਹੋ ਗਿਆ ਹੈ। ਇਸ ਦੌਰਾਨ ਟਵਿੱਟਰ ਉੱਤੇ ਗੱਲ ਅਫ਼ਗਾਨਿਸਤਾਨ ਦੇ ਭਾਰਤ ਵਿੱਚ ਰਾਜਦੂਤ ਫਰੀਦ ਮਮੁੰਦਜ਼ੇ ਨੇ ਕਿਹਾ ਕਿ ਪਿਛਲੇ ਕੁਝ ਹਫ਼ਤਿਆਂ ਖ਼ਾਸ ਤੌਰ ਉੱਤੇ 7-8 ਦਿਨਾਂ ਵਿੱਚ ਅਫ਼ਗਾਨਾਂ ਦੇ ਦਰਦ ਉੱਤੇ ਸਾਰੇ ਭਾਰਤੀ ਦੋਸਤਾਂ ਅਤੇ ਨਵੀਂ ਦਿੱਲੀ ਵਿੱਚ ਕੂਟਨੀਤਕ ਮਿਸ਼ਨਾਂ ਵੱਲੋਂ ਹਮਦਰਦੀ ਤੇ ਸਮਰਥਨ ਭਰੇ ਸੰਦੇਸ਼ਾਂ ਦੇ ਦਿਆਲਤਾ ਭਰੇ ਸ਼ਬਦਾਂ ਦੀ ਸ਼ਲਾਘਾ ਕਰਦੇ ਹਨ। ਉਨ੍ਹਾਂ ਲਿਖਿਆ ਕਿ ਅਫ਼ਗਾਨੀਆਂ ਦਾ ਟਾਲਣਯੋਗ ਦੁੱਖ ਮਨੁੱਖ ਦਾ ਪੈਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਅਫ਼ਗਾਨਿਸਤਾਨ ਇੱਕ ਮੁਸ਼ਕਲ ਦੌਰ ਤੋਂ ਲੰਘ ਰਿਹਾ ਹੈ ਤੇ ਚੰਗੀ ਲੀਡਰਸ਼ਿਪ, ਦਿਆਲੂ ਵਿਹਾਰ ਤੇ ਅਫ਼ਗਾਨ ਲੋਕਾਂ ਪ੍ਰਤੀ ਅੰਤਰਰਾਸ਼ਟਰੀ ਸਮਰਥਨ ਹੀ ਕੁਝ ਹੱਦ ਤਕ ਇਹ ਦੁੱਖ ਘਟਾ ਸਕਦਾ ਹੈ।

ਭਾਰਤ ਨੇ ਅਮਰੀਕਾ, ਕਤਰ, ਤਾਜਿਕਸਤਾਨ ਅਤੇ ਹੋਰ ਮਿੱਤਰ ਦੇਸ਼ਾਂ ਦੀ ਮੱਦਦ ਨਾਲ ਲੋਕਾਂ ਨੂੰ ਸੁਰੱਖਿਅਤ ਕੱਢਣ ਲਈ ਮਿਸ਼ਨ ਚਲਾਇਆ ਹੋਇਆ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਜਹਾਜ਼ ਦੇ ਹਿੰਡਨ ਪੁੱਜਣ ਦੇ ਕੁਝ ਘੰਟੇ ਪਹਿਲਾਂ ਟਵੀਟ ਕੀਤਾ ਕਿ ਲੋਕਾਂ ਨੂੰ ਸੁਰੱਖਿਅਤ ਕੱਢਣ ਦਾ ਕੰਮ ਜਾਰੀ ਹੈ। ਭਾਰਤੀ ਹਵਾਈ ਸੈਨਾ ਦਾ ਵਿਸ਼ੇਸ਼ ਜਹਾਜ਼ 107 ਭਾਰਤੀ ਨਾਗਰਿਕਾਂ ਸਮੇਤ 168 ਲੋਕਾਂ ਨੂੰ ਲੈ ਕੇ ਕਾਬੁਲ ਤੋਂ ਦਿੱਲੀ ਆ ਰਿਹਾ ਹੈ। ਪਤਾ ਲੱਗਾ ਹੈ ਕਿ ਕਾਬੁਲ ਹਵਾਈ ਅੱਡੇ ਉੱਤੇ ਭਾਰਤੀ ਅਧਿਕਾਰੀਆਂ ਦਾ ਇੱਕ ਛੋਟਾ ਗਰੁੱਪ ਲੋਕਾਂ ਨੂੰ ਸੁਰੱਖਿਅਤ ਕੱਢਣ ਦੇ ਮਿਸ਼ਨ ਵਿੱਚ ਤਾਲਮੇਲ ਕਰ ਰਿਹਾ ਹੈ। ਕਾਬੁਲ ਦੀ ਸਥਿਤੀ ਤੋਂ ਜਾਣੂ ਲੋਕਾਂ ਦਾ ਕਹਿਣਾ ਹੈ ਕਿ ਜਿਨ੍ਹਾਂ ਅਫ਼ਗਾਨੀਆਂ ਕੋਲ ਭਾਰਤੀ ਵੀਜ਼ਾ ਹੈ, ਉਨ੍ਹਾਂ ਨੂੰ ਤਾਲਿਬਾਨ ਦੀ ਵਧਦੀ ਜਾਂਚ ਤੇ ਨਿਗਰਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਕਾਬੁਲ ਵਿੱਚ ਇਸ ਵੇਲੇ ਸਭ ਸਰਕਾਰੀ ਅਤੇ ਨਿੱਜੀ ਦਫ਼ਤਰ, ਬੈਂਕ, ਪਾਸਪੋਰਟ ਦਫ਼ਤਰ ਬੰਦ ਹਨ। ਤਾਲਿਬਾਨ ਦੇ ਕਬਜ਼ੇ ਦੇ ਬਾਅਦ ਤੋਂ ਉਨ੍ਹਾਂ ਦੇ ਬਾਹਰ ਤਾਲੇ ਲਟਕ ਰਹੇ ਹਨ, ਜਿਸ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਜਾਣਕਾਰੀ ਮਿਲੀ ਹੈ ਕਿ ਅਫ਼ਗਾਨਿਸਤਾਨ ਤੋਂ ਪਰਤ ਰਹੀਆਂ ਅਮਰੀਕੀ ਫ਼ੌਜਾਂ ਅੱਤਵਾਦੀ ਸੰਗਠਨ ਆਈ ਐਸ ਆਈ ਐਸ-ਕੇ ਦੇ ਖ਼ਤਰੇ ਕਾਰਨ ਕਾਬੁਲ ਹਵਾਈ ਅੱਡੇ ਤਕ ਪਹੁੰਚਣ ਲਈ ਬਦਲਵਾਂ ਰਸਤਾ ਬਣਾ ਰਹੀਆਂ ਹਨ। ਇੱਕ ਅਮਰੀਕੀ ਰੱਖਿਆ ਅਧਿਕਾਰੀ ਨੇ ਦੱਸਿਆ ਕਿ ਇਸ ਗੱਲ ਦੀ ਪੱਕੀ ਸੰਭਾਵਨਾ ਹੈ ਕਿ ਆਈ ਐਸ ਆਈ ਐਸ-ਕੇ ਹਵਾਈ ਅੱਡੇ ਉੱਤੇ ਹਮਲਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਕਾਬੁਲ ਦੇ ਸੀਨੀਅਰ ਕੂਟਨੀਤਕ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਹ ਹਾਮਿਦ ਕਰਜ਼ਈ ਕੌਮਾਂਤਰੀ ਹਵਾਈ ਅੱਡੇ ਉੱਤੇ ਅਮਰੀਕੀਆਂ ਵਿਰੁੱਧ ਇਸਲਾਮਿਕ ਸਟੇਟ ਦੇ ਖ਼ਤਰੇ ਤੋਂ ਜਾਣੂੰ ਹਨ। ਰੱਖਿਆ ਅਧਿਕਾਰੀ ਨੇ ਕਿਹਾ ਕਿ ਇਹ ਨਵੇਂ ਰਸਤੇ ਅਮਰੀਕੀਆਂ, ਦੂਜੇ ਦੇਸ਼ਾਂ ਦੇ ਨਾਗਰਿਕਾਂ ਅਤੇ ਪੜ੍ਹੇ-ਲਿਖੇ ਅਫ਼ਗਾਨਾਂ ਲਈ ਮੌਜੂਦ ਰਹਿਣਗੇ। ਉਨ੍ਹਾਂ ਇਹ ਵੀ ਕਿਹਾ ਕਿ ਤਾਲਿਬਾਨ ਅਮਰੀਕੀ ਫ਼ੌਜਾਂ ਵੱਲੋਂ ਬਦਲਵੇਂ ਰਸਤੇ ਬਣਾਉਣ ਦੀਆਂ ਕੋਸ਼ਿਸ਼ਾਂ ਤੋਂ ਜਾਣੂੰ ਹਨ ਤੇ ਆਈ ਐਸ ਆਈ ਐਸ-ਕੇ ਹਵਾਈ ਅੱਡੇ ਉੱਤੇ ਵਧ ਰਹੀ ਭੀੜ ਨੂੰ ਨਿਸ਼ਾਨਾ ਬਣਾ ਸਕਦਾ ਹੈ। ਉਹ ਬੰਬ ਧਮਾਕੇ ਜਾਂ ਆਤਮਘਾਤੀ ਹਮਲਾਵਰਾਂ ਦੀ ਵਰਤੋਂ ਵੀ ਕਰ ਸਕਦਾ ਹੈ, ਜਦਕਿ ਸਭ ਤੋਂ ਵੱਧ ਖ਼ਦਸ਼ਾ ਮੋਰਟਾਰ ਹਮਲੇ ਦਾ ਬਣਿਆ ਹੋਇਆ ਹੈ। ਹਵਾਈ ਅੱਡੇ ਉੱਤੇ ਲਗਾਤਾਰ ਬਣ ਰਹੀ ਭੀੜ ਦੇ ਮੱਦੇਨਜ਼ਰ ਅਮਰੀਕੀ ਦੂਤਘਰ ਨੇ ਆਪਣੇ ਨਾਗਰਿਕਾਂ ਨੂੰ ਹਵਾਈ ਅੱਡੇ ਤੋਂ ਦੂਰ ਰਹਿਣ ਲਈ ਕਿਹਾ ਹੈ।

## ਸੁਪਰੀਮ ਕੋਰਟ ਦੇ ਹੁਕਮ ਪਿੱਛੋਂ ਵੀ ਫੌਜ ’ਚ ਮਹਿਲਾ ਅਧਿਕਾਰੀਆਂ ਨੂੰ ਪੱਕਾ ਕਮਿਸ਼ਨ ਨਹੀਂ ਮਿਲਿਆ



ਨਵੀਂ ਦਿੱਲੀ, 23 ਅਗਸਤ (ਪੋਸਟ ਬਿਊਰੋ)- ਭਾਰਤੀ ਫੌਜਵਿੱਚ ਮਹਿਲਾ ਅਧਿਕਾਰੀਆਂ ਦੀ ਪਰਮਾਨੈਂਟ ਕਮਿਸ਼ਨ ਦੀ ਲੜਾਈ ਹਾਲੇ ਵੀ ਚੱਲ ਰਹੀ ਹੈ। ਸੁਪਰੀਮ ਕੋਰਟ ਦੇ ਹੁਕਮ ਦੇ ਬਾਅਦ ਆਰਮੀ ਨੇ 615 ਮਹਿਲਾ ਅਧਿਕਾਰੀਆਂ ਦੇ ਲਈ ਪਰਮਾਨੈਂਟ ਕਮਿਸ਼ਨ ਦਾ ਸਪੈਸ਼ਲ ਬੋਰਡ ਬੈਠਾਇਆ ਸੀ, ਜਿਨ੍ਹਾਂ ਵਿੱਚੋਂ ਕਈ ਨੂੰ ਪਰਮਾਨੈਂਟ ਕਮਿਸ਼ਨ ਦੇ ਦਿੱਤਾ ਗਿਆ, ਪਰ 100 ਮਹਿਲਾ ਅਧਿਕਾਰੀਆਂ ਨੂੰ ਪਰਮਾਨੈਂਟ ਕਮਿਸ਼ਨ ਨਹੀਂ ਮਿਲਿਆ। ਉਨ੍ਹਾਂ ਦਾ ਦੋਸ਼ ਹੈ ਕਿ ਆਰਮੀ ਨੇ ਸੁਪਰੀਮ ਕੋਰਟ ਦੇ ਫੈਸਲੇ ਦਾ ਪੂਰੀ ਤਰ੍ਹਾਂ ਪਾਲਣ ਹੀ ਨਹੀਂ ਕੀਤਾ।

ਆਰਮੀ ਦੀਆਂ 28 ਮਹਿਲਾ ਅਧਿਕਾਰੀਆਂ ਨੇ ਆਰਮਡ ਫੋਰਸਿਸ ਟ੍ਰਿਬਿਊਨਲ ਤੋਂ ਨਿਆਂ ਦੀ ਗੁਹਾਰ ਲਗਾਈ ਹੈ। ਇਨ੍ਹਾਂ ਮਹਿਲਾ ਅਧਿਕਾਰੀਆਂ ਨੂੰ ਆਰਮੀ ਨੇ 12 ਸਤੰਬਰ ਤਕ ਆਰਮੀ ਛੱਡਣ ਨੂੰ ਕਿਹਾ ਹੈ। ਇੱਕ ਮਹਿਲਾ ਅਧਿਕਾਰੀ ਨੇ ਕਿਹਾ ਕਿ ਆਰਮੀ ਨੇ ਪਰਮਾਨੈਂਟ ਕਮਿਸ਼ਨ ਦੇਣ ਵਿੱਚ ਸਾਡੀ ਸਰਵਿਸ ਦੇ ਸ਼ੁਰੂ ਦੇ ਪੰਜ ਸਾਲ ਨੂੰ ਕੰਸਿਡਰ ਕੀਤਾ, ਜਦਕਿ ਓਵਰਆਲ ਪ੍ਰੋਫਾਈਲ ਦੇ ਹਿਸਾਬ ਨਾਲ ਕੰਸਿਡਰ ਕੀਤਾ ਜਾਣਾ ਚਾਹੀਦਾ ਸੀ। ਅਸੀਂ ਆਰਮਡ ਫੋਰਸਿਸ ਟ੍ਰਿਬਿਊਨਲ ਵਿੱਚ ਇਸੇ ਅਪੀਲ ਦੇ ਨਾਲ ਗਏ ਹਾਂ। ਉਨ੍ਹਾਂ ਨੇ ਕਿਹਾ ਕਿ ਸਾਡੇ ਰਿਕਾਰਡ ਦੇਖ ਕੇ ਸਾਨੂੰ ਪਹਿਲਾਂ ਪੰਜ ਸਾਲ ਸਰਵਿਸ ਦੇ ਬਾਅਦ ਐਕਸਟੈਂਸ਼ਨ ਮਿਲਿਆ,ਪਰ ਅੱਗੋਂ ਸਰਵਿਸ ਲਈ ਵੱਖ-ਵੱਖ ਆਧਾਰ ਉੱਤੇ ਰੋਕਿਆ ਗਿਆ ਹੈ।

## ਬਿਹਾਰ ਵਿੱਚ ਮਹਿਲਾ ਕਾਲਜ ਵੱਲੋਂ ਡ੍ਰੈਸ ਕੋਡ ਲਾਗੂ ਕੀਤੇ ਜਾਣ ਉੱਤੇ ਰੌਲਾ-ਰੱਪਾ



ਪਟਨਾ, 23 ਅਗਸਤ (ਪੋਸਟ ਬਿਊਰੋ)- ਬਿਹਾਰ ਦੇ ਭਾਗਲਪੁਰ ਵਿਖੇ ਇੱਕ ਮਹਿਲਾ ਕਾਲਜ ਵੱਲੋਂ ਵਿਦਿਆਰਥਣਾਂ ਲਈ ਡ੍ਰੈਸ ਕੋਡ ਲਾਗੂ ਕੀਤੇ ਜਾਣ ਉੱਤੇ ਰੌਲਾ ਪੈ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਭਾਗਲਪੁਰ ਦੇ ਸੁੰਦਰਵਤੀ ਮਹਿਲਾ ਕਾਲਜ ਨੇ ਵਿਦਿਆਰਥਣਾਂ ਨੂੰ ਖੁੱਲ੍ਹੇ ਵਾਲਾਂ ਸਮੇਤ ਕਾਲਜ ਦੇ ਕੰਪਲੈਕਸ ਆਉਣ ਉੱਤੇ ਪਾਬੰਦੀ ਲਾ ਦਿੱਤੀ ਹੈ ਅਤੇ ਉਹ ਕਾਲਜ ਅੰਦਰ ਸੈਲਫੀ ਵੀ ਨਹੀਂ ਲੈ ਸਕਣਗੀਆਂ।ਰਾਸ਼ਟਰੀ ਜਨਤਾ ਦਲ ਨਾਲ ਜੁੜੀਆਂ ਵਿਦਿਆਰਥਣਾਂ ਨੇ ਇਸ ਨੂੰ ਤੁਗਲਕੀ ਫਰਮਾਨ ਦੱਸਿਆ ਹੈ। ਕੁਝ ਵਿਦਿਆਰਥਣਾਂ ਨੇ ਇਸ ਦੀ ਤੁਲਨਾ ਸ਼ਰੀਅਤ ਕਾਨੂੰਨ ਨਾਲ ਕੀਤੀ ਹੈ। ਕਾਲਜ ਦੀ ਕਮੇਟੀ ਦੇ ਇਸ ਫ਼ੈਸਲੇ ਉੱਤੇ ਮੋਹਰ ਲੱਗਣ ਪਿੱਛੋਂ ਇਹ ਹੁਕਮ ਜਾਰੀ ਕੀਤਾ ਗਿਆ ਹੈ, ਜਿਸ ਮੁਤਾਬਕ ਵਿਦਿਆਰਥਣਾਂ ਇੱਕ ਜਾਂ ਦੋ ਗੁੱਤਾਂ ਕਰ ਕੇ ਹੀ ਕਾਲਜ ਵਿੱਚ ਆ ਸਕਣਗੀਆਂ। ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਨਵੇਂ ਸੈਸ਼ਨ ਤੋਂ ਰਾਇਲ ਬਲਿਊ ਕੁੜਤੀ, ਚਿੱਟੀ ਸਲਵਾਰ, ਚਿੱਟੀ ਚੁੰਨੀ, ਚਿੱਟੀਆਂ ਜੁਰਾਬਾਂ, ਕਾਲੇ ਬੂਟ, ਵਾਲਾਂ ਦੀਆਂ ਇੱਕ ਜਾਂ ਦੋ ਗੁੱਤਾਂ ਬਣਾਉਣੀਆਂ ਜ਼ਰੂਰੀ ਹਨ। ਸਰਦੀਆਂ ਦੇ ਮੌਸਮ ਵਿੱਚ ਰਾਇਲ ਬਲਿਊ ਬਲੇਜ਼ਰ ਅਤੇ ਕਾਰਡੀਗਨ ਪਹਿਨਣਾ ਜ਼ਰੂਰੀ ਕਰਾਰ ਦਿੱਤਾ ਗਿਆ ਹੈ।

## ਚੀਨੀ ਦੂਤਘਰ ਦਾ ਆਪਣੇ ਨਾਗਰਿਕਾਂ ਨੂੰ ਫੁਰਮਾਨ: ਇਸਲਾਮਿਕ ਡਰੈਸ ਕੋਡ ਦੀ ਪਾਲਣਾ ਕਰੋ



ਕਾਬੁਲ, 23 ਅਗਸਤ (ਪੋਸਟ ਬਿਊਰੋ)- ਅਫਗਾਨਿਸਤਾਨ ਵਿੱਚ ਤਾਲਿਬਾਨ ਦੀ ਵਾਪਸੀ ਨਾਲ ਚੀਨ ਬਹੁਤ ਖੁਸ਼ ਹੈ ਅਤੇ ਉਹ ਤਾਲਿਬਾਨ ਨੂੰ ਖ਼ੁਸ਼ ਕਰਨ ਲੱਗਾ ਹੋਇਆ ਹੈ। ਇਸੇ ਲਈ ਕਾਬੁਲ ਵਿੱਚ ਚੀਨੀ ਦੂਤਘਰ ਨੇ ਅਫਗਾਨਿਸਤਾਨ ਵਿੱਚ ਆਪਣੇ ਨਾਗਰਿਕਾਂ ਨੂੰ ਇਸਲਾਮਿਕ ਰੀਤੀ-ਰਿਵਾਜ਼ਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਲਈ ਕਿਹਾ ਹੈ, ਜਿਸ ਵਿੱਚ ਡਰੈਸ ਕੋਡ ਅਤੇ ਜਨਤਕ ਰੂਪ ਨਾਲ ਭੋਜਨ ਕਰਨਾ ਸ਼ਾਮਲ ਹੈ।

ਗਲੋਬਲ ਟਾਈਮਸ ਦੀ ਰਿਪੋਰਟ ਮੁਤਾਬਕ ਸਾਰੇ ਚੀਨੀ ਨਾਗਰਿਕਾਂ ਨੂੰ ਜਾਰੀ ਇੱਕ ਐਡਵਾਈਜ਼ਰੀ ਵਿੱਚ ਦੂਤਘਰ ਨੇ ਇਹ ਸੁਝਾਅ ਦਿੱਤਾ ਹੈ ਕਿ ਉਹ ਕਾਬੁਲ ਦੇ ਹਾਮਿਦ ਕਰਜ਼ਈ ਇੰਟਰਨੈਸ਼ਨਲ ਏਅਰਪੋਰਟ ਅਤੇ ਹੋਰ ਸਥਾਨਾਂ ਤੋਂ ਦੂਰ ਰਹਿਣ। ਪਿਛਲੇ ਮਹੀਨੇ ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਨੇ ਉਤਰੀ ਚੀਨੀ ਬੰਦਰਗਾਹ ਸ਼ਹਿਰ ਤਿਯਾਨਜਿਨ ਵਿੱਚ ਇੱਕ ਤਾਲਿਬਾਨੀ ਵਫਦ ਨਾਲ ਮੀਟਿੰਗ ਕੀਤੀ ਸੀ। ਇਸ ਦੌਰਾਨ ਉਨ੍ਹਾਂ ਨੇ ਕਿਹਾ ਸੀ ਕਿ ਅਫਗਾਨਿਸਤਾਨ ਇੱਕ ਉਦਾਰਵਾਦੀ ਇਸਲਾਮੀ ਨੀਤੀ ਅਪਨਾ ਸਕਦਾ ਹੈ।ਤਾਲਿਬਾਨ ਦੇ ਬੁਲਾਰੇ ਸੁਹੈਲ ਸ਼ਾਹੀਨ ਨੇ ਕਿਹਾ ਸੀ ਕਿ ਅਫਗਾਨਿਸਤਾਨ ਦੀ ਮੁੜ ਉਸਾਰੀ ਵਿੱਚ ਯੋਗਦਾਨ ਦੇਣ ਲਈ ਚੀਨ ਦਾ ਸਵਾਗਤ ਕੀਤਾ ਜਾਏਗਾ। ਉਨ੍ਹਾਂ ਨੇ ਕਿਹਾ ਕਿ ਚੀਨ ਨੇ ਦੇਸ਼ ਵਿੱਚ ਸ਼ਾਂਤੀ ਨੂੰਉਤਸ਼ਾਹ ਦੇਣ ਵਿੱਚ ਰਚਨਾਤਮਕ ਕਿਰਦਾਰ ਨਿਭਾਇਆ ਹੈ।

ਚੀਨ ਦੇ ਸੀ ਜੀ ਟੀ ਐਨ ਟੈਲੀਵਿਜ਼ਨ ਨੂੰ ਦਿੱਤੀ ਇੰਟਰੀਵਿਊ ਵਿੱਚ ਸੁਹੈਲ ਸ਼ਾਹੀਨ ਨੇ ਕਿਹਾ ਕਿ ਚੀਨ ਵਿਸ਼ਾਲ ਆਰਥਿਕਤਾ ਅਤੇ ਸਮਰੱਥਾ ਵਾਲਾ ਵੱਡਾ ਦੇਸ਼ ਹੈ, ਮੈਨੂੰ ਲੱਗਦਾ ਹੈ ਕਿ ਉਹ ਅਫਗਾਨਿਸਤਾਨ ਦੀ ਮੁੜ ਉਸਾਰੀ ਅਤੇ ਮੁੜ ਵਸੇਬੇ ਵਿੱਚ ਵੱਡਾ ਰੋਲ ਨਿਭਾਅ ਸਕਦਾ ਹੈ। ਰੂਸ ਅਤੇ ਅਮਰੀਕਾ ਦੇ ਉਲਟ ਚੀਨ ਇਸ ਗੱਲ ਦਾ ਫਾਇਦਾ ਚੁੱਕਣ ਵਿੱਚ ਸਮਰੱਥ ਹੋ ਸਕਦਾ ਹੈ ਕਿ ਉਸ ਨੇ ਤਾਲਿਬਾਨ ਨਾਲ ਨਜਿੱਠਣ ਵਿੱਚ ਅਫਗਾਨਿਸਤਾਨ ਵਿੱਚ ਲੜਾਈ ਨਹੀਂ ਕੀਤੀ।

## ਕੋਰੋਨਾ ਦੀ ਤੀਸਰੀ ਲਹਿਰ ਦਾ ਡਰ ਪਿਆ: ਰੋਜ਼ ਚਾਰ ਲੱਖ ਕੋਰੋਨਾ ਕੇਸ ਆਉਣ ਦੀ ਸੰਭਾਵਨਾ

ਨਵੀਂ ਦਿੱਲੀ, 23 ਅਗਸਤ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਲਾਗ ਦਾ ਦੂਜੀ ਲਹਿਰ ਕਾਰਨ ਦੇਸ਼ ਅਤੇ ਵਿਸ਼ਵ ਵਿੱਚ ਵੱਡੀ ਗਿਣਤੀ ਵਿੱਚ ਲੋਕ ਪ੍ਰਭਾਵਤ ਹੋਏ ਸਨ। ਭਾਰਤ ਵਿੱਚ ਵੀ ਦੂਜੀ ਲਹਿਰ ਦੌਰਾਨਾਂ ਵੱਡੀ ਗਿਣਤੀ ਵਿੱਚ ਲੋਕਾਂ ਦੀ ਮੌਤ ਹੋਈ ਸੀ। ਅੱਗੋਂ ਕੋਰੋਨਾ ਦੀ ਤੀਜੀ ਲਹਿਰ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ।

ਇਸ ਦੌਰਾਨ ਨੀਤੀ ਆਯੋਗ ਦੇ ਮੈਂਬਰ ਵੀਕੇ ਪਾਲ ਨੇ ਪਿਛਲੇ ਮਹੀਨੇ ਸਰਕਾਰ ਨੂੰ ਕੋਰੋਨਾ ਵਾਇਰਸ ਦੀ ਲਾਗ ਨਾਲ ਨਜਿੱਠਣ ਲਈ ਕੁਝ ਸੁਝਾਅ ਦਿੱਤੇ ਅਤੇ ਕਿਹਾ ਸੀ ਕਿ ਭਵਿੱਖ ਵਿੱਚ ਕੋਰੋਨਾ ਵਾਇਰਸ ਦੇ ਹਰ 100 ਕੇਸਾਂ ਵਿੱਚੋਂ 23 ਕੇਸਾਂ ਨੂੰ ਹਸਪਤਾਲ ਵਿੱਚ ਭਰਤੀ ਹੋਣ ਦੇ ਪ੍ਰਬੰਧ ਕਰਨਾ ਪੈਣਾ ਹੈ।ਨੀਤੀ ਆਯੋਗ ਨੇ ਸਤੰਬਰ 2020 ਵਿੱਚ ਦੂਜੀ ਲਹਿਰ ਤੋਂ ਪਹਿਲਾਂ ਵੀ ਅਨੁਮਾਨ ਲਾਏ ਸਨ ਪਰ ਇਹ ਅਨੁਮਾਨ ਇਸ ਤੋਂ ਕਿਤੇ ਵੱਧ ਹਨ। ਉਸ ਸਮੇਂ ਨੀਤੀ ਆਯੋਗ ਵੱਲੋਂ ਗੰਭੀਰ ਲਛਣਾਂ ਵਾਲੇ ਲੱਗਭਗ 20 ਫ਼ੀਸਦੀ ਮਰੀਜ਼ਾਂ ਨੂੰ ਹਸਪਤਾਲ ਦਾਖ਼ਲ ਹੋਣ ਦੀ ਲੋੜ ਬਾਰੇ ਦੱਸਿਆ ਸੀ। ਕੋਵਿਡ-19 ਦੀ ਦੂਜੀ ਲਹਿਰ ਤੋਂ ਬਾਅਦ ਵੱਡੀ ਗਿਣਤੀ ਵਿੱਚ ਹਸਪਤਾਲਾਂ ਦੇ ਬੈਡ ਵਖਰੇ ਕਰਨ ਦੀ ਸਿਫ਼ਾਰਸ਼ ਇਸ ਸਾਲ ਅਪ੍ਰੈਲ-ਜੂਨ ਵਿੱਚ ਦੇਖੇ = ਪੈਟਰਨ ਉੱਤੇ ਆਧਾਰਤ ਹੈ। ਰਿਪੋਰਟ ਅਨੁਸਾਰ 1 ਜੂਨ ਨੂੰ ਆਪਣੇ ਸਿਖਰ ਉੱਤੇ, ਜਦੋਂ ਦੇਸ਼ ਵਿਆਪੀ ਸਰਗਰਮ ਕੇਸਾਂ ਦੀ ਗਿਣਤੀ 18 ਲੱਖ ਸੀ, 10 ਰਾਜਾਂ ਵਿੱਚ 21.74 ਫ਼ੀਸਦੀ ਕੇਸਾਂ ਵਿੱਚ ਗੰਭੀਰ ਕੇਸਾਂ ਨਾਲ ਹਸਪਤਾਲ ਵਿੱਚ ਦਾਖ਼ਲ ਹੋਣਾ ਜ਼ਰੂਰੀ ਸੀ। ਇਨ੍ਹਾਂ ਵਿੱਚੋਂ 2.2 ਫ਼ੀਸਦੀ ਨੂੰ ਆਈ ਸੀ ਯੂ ਵਿੱਚ ਦਾਖ਼ਲ ਕਰਵਾਇਆ ਗਿਆ ਸੀ।

ਨੀਤੀ ਆਯੋਗ ਦਾ ਕਹਿਣਾ ਹੈ ਕਿ ਸਾਨੂੰ ਇਸ ਤੋਂ ਵੀ ਭੈੜੀ ਸਥਿਤੀ ਲਈ ਤਿਆਰ ਰਹਿਣਾ ਚਾਹੀਦਾ ਹੈ। ਕਮਿਸ਼ਨ ਨੇ ਇੱਕ ਦਿਨ ਵਿੱਚ ਚਾਰ ਤੋਂ ਪੰਜ ਲੱਖ ਕੋਰੋਨਾ ਕੇਸਾਂ ਦਾ ਅਨੁਮਾਨ ਲਾਇਆ ਹੈ। ਇਸਦੇ ਨਾਲ ਇਹ ਵੀ ਕਿਹਾ ਹੈ ਕਿ ਅਗਲੇ ਮਹੀਨੇ ਤਕ ਦੋ ਲੱਖ ਆਈ ਸੀ ਯੂ ਬੈਡ ਤਿਆਰ ਕਰਨ ਦੇ ਨਾਲ, ਸੱਤ ਲੱਖ ਬਿਨਾਂ ਆਈ ਸੀ ਯੂ ਹਸਪਤਾਲ ਦੇ ਬੈੱਡ (ਜਿਨ੍ਹਾਂ ਵਿੱਚੋਂ ਪੰਜ ਲੱਖ ਆਕਸੀਜਨ ਬੈਡ) ਅਤੇ 10 ਲੱਖ ਕੋਵਿਡ ਆਈਸੋਲੇਸ਼ਨ ਕੇਅਰ ਬੈਡ ਚਾਹੀਦੇ ਹਨ।

ਸਤੰਬਰ 2020 ਵਿੱਚ ਦੂਜੀ ਲਹਿਰ ਤੋਂ ਕੁਝ ਮਹੀਨੇ ਪਹਿਲਾਂ ਇੱਕ ਗਰੁੱਪ ਨੇ ਅਨੁਮਾਨ ਲਾਇਆ ਕਿ 100 ਵਿੱਚੋਂ 20 ਕੇਸਾਂ ਵਿੱਚ ਹਸਪਤਾਲ ਦਾਖ਼ਲ ਹੋਣ ਦੀ ਲੋੜ ਪਵੇਗੀ। ਇਸ ਵਿੱਚ ਤਿੰਨ ਨੂੰ ਆਈ ਸੀ ਯੂ ਵਿੱਚ ਦਾਖ਼ਲ ਹੋਣਾ ਪਵੇਗਾ। ਦੂਜੇ ਗ਼ੈਰ-ਲੱਛਣ ਵਾਲੇ ਮਾਮਲਿਆਂ ਲਈ, ਇਹ ਅਨੁਮਾਨ ਲਗਾਇਆ ਗਿਆ ਸੀ ਕਿ ਇਨ੍ਹਾਂ ਵਿੱਚੋਂ 50 ਨੂੰ ਸੱਤ ਦਿਨਾਂ ਲਈ ਕੋਰੋਨਾ ਕੇਅਰ ਸੈਂਟਰ ਵਿੱਚ ਵੱਖ ਰਹਿਣ ਦੀ ਜ਼ਰੂਰਤ ਹੋਵੇਗੀ, ਜਦੋਂ ਕਿ ਬਾਕੀ ਘਰ ਰਹਿ ਸਕਦੇ ਹਨ।

## ਤਾਲਿਬਾਨ ਦੀ ਕਮਾਂਡੋ ਫੋਰਸ ਵੀ ਅਮਰੀਕੀ ਫੌਜੀਆਂ ਦੀ ਵਰਦੀ ’ਚ

ਕਾਬੁਲ, 23 ਅਗਸਤ (ਪੋਸਟ ਬਿਊਰੋ)- ਅਮਰੀਕੀ ਫੌਜੀਆਂ ਦੀ ਵਰਦੀ, ਉਨ੍ਹਾਂ ਦੇ ਬੁਲੇਟ-ਪਰੂਫ ਹੈਲਮੇਟ ਅਤੇ ਨਾਈਟ ਵਿਜ਼ਨ ਗਲਾਸ ਪਾ ਕੇ ਅਤੇ ਹੱਥਾਂ ਵਿੱਚ ਐਮ ਆਈ 15 ਅਸਾਲਟ ਰਾਈਫਲ ਫੜੀ ਤਾਲਿਬਾਨ ਲੜਾਕਿਆਂ ਦੀਆਂ ਫੋਟੋ ਆਈਆਂ ਹਨ। ਕਿਹਾ ਜਾ ਰਿਹਾ ਹੈ ਕਿ ਉਹ ਦੂਸਰੀ ਸੰਸਾਰ ਜੰਗ ਦੇ ਸਮੇਂ ਦੀ ਫੋਟੋ ਦੀ ਕਾਪੀ ਕਰਦੇ ਹੋਏ ਅਮਰੀਕਾ ਦਾ ਮਜ਼ਾਕ ਉਡਾ ਰਹੇ ਹਨ। ਰੂਸ ਦੇ ਅਖਬਾਰ ਰਸ਼ੀਆ ਟੂਡੇ ਨੇ ਇਸ ਫੋਟੋ ਨਾਲ ਖਬਰ ਛਾਪੀ ਹੈ।

ਤਾਲਿਬਾਨ ਜਿਸ ਫੌਜੀ ਸਾਜੋ-ਸਾਮਾਨ ਦੀ ਵਰਤੋਂ ਕਰ ਰਹੇ ਹਨ, ਉਹ ਉਨ੍ਹਾਂ ਨੂੰ ਅਫਗਾਨਿਸਤਾਨ ਵਿੱਚ ਅਮਰੀਕੀ ਫੌਜੀਆਂ ਦੇ ਛੱਡੇ ਗਏ ਫੌਜੀ ਟਿਕਾਣਿਆਂ ਤੇ ਅਫਗਾਨ ਫੌਜੀਆਂ ਕੋਲੋਂ ਮਿਲਿਆ ਹੈ। ਤਾਲਿਬਾਨ ਨੂੰ ਜੋ ਅਮਰੀਕੀ ਹਥਿਆਰ ਮਿਲੇ ਹਨ, ਉਨ੍ਹਾਂ ਵਿੱਚ ਛੇ ਲੱਖ ਐਮ ਆਈ-16 ਅਸਾਲਟ ਰਾਈਫਲਾਂ ਦਾ ਜ਼ਖੀਰਾ ਹੈ, ਜੋ ਇਨ੍ਹਾਂ ਲਈ ਕਈ ਦਹਾਕਿਆਂ ਤਕ ਵਰਤਣ ਲਈ ਕਾਫੀ ਹੈ। ਇਸ ਦੇ ਇਲਾਵਾ 16 ਹਜ਼ਾਰ ਨਾਈਟ ਵਿਜ਼ਨ ਡਿਵਾਈਸ ਅਤੇ 1.62 ਲੱਖ ਦੂਰਸੰਚਾਰ ਮਸ਼ੀਨਰੀ ਵੀ ਤਾਲਿਬਾਨ ਨੂੰ ਮਿਲੀ ਹੈ। ਇਨ੍ਹਾਂ ਦੇ ਇਲਾਵਾ ਵੀ ਅਮਰੀਕੀ ਹਥਿਆਰਾਂ ਦਾ ਵੱਡਾ ਜ਼ਖੀਰਾ ਤਾਲਿਬਾਨ ਦੇ ਹੱਥ ਲੱਗਾ ਹੈ। ਇਨ੍ਹਾਂ ਅਮਰੀਕੀ ਹਥਿਆਰਾਂ ਅਤੇ ਵਰਦੀ ਪਾ ਕੇ ਤਾਲਿਬਾਨ ਨੇ ਆਪਣੀ ਕਮਾਂਡੋ ਯੂਨਿਟ ਬਾਦਰੀ-313 ਬਣਾਈ ਹੈ।ਅਮਰੀਕੀ ਵਰਦੀ ਵਿੱਚ ਤਾਲਿਬਾਨ ਲੜਾਕਿਆਂ ਦੀਆਂ ਫੋਟੋ ਆਉਣ ਉੱਤੇ ਅਮਰੀਕਾ ਦੇ ਸਭ ਲੋਕਾਂ ਦਾ ਗੁੱਸਾ ਭੜਕ ਉਠਿਆ ਹੈ। ਟੀ ਵੀ ਕਮੈਂਟੇਟਰ ਜਾਨ ਕਾਰਡੀਲਿਓ ਨੇ ਕਿਹਾ ਹੈ ਕਿ ਇਹੋ ਜਿਹੀ ਸਥਿਤੀ ਪੈਦਾ ਕਰਨ ਲਈ ਜ਼ਿੰਮੇਵਾਰ ਰਾਸ਼ਟਰਪਤੀ ਬਾਇਡੇਨ ਨੂੰ ਤੁਰੰਤ ਅਸਤੀਫਾ ਦੇ ਦੇਣਾ ਚਾਹੀਦੈ ਅਤੇ ਜੇ ਉਹ ਅਜਿਹਾ ਨਾ ਕਰਨ ਤਾਂ ਇੰਪੀਚਮੈਂਟ ਕੇਸ ਚਲਾ ਕੇ ਉਨ੍ਹਾਂ ਨੂੰ ਹਟਾਇਆ ਜਾਣਾ ਚਾਹੀਦੈ।

## ਪੁਤਿਨ ਦੀ ਅਫਗਾਨ ਸ਼ਰਨਾਰਥੀ ਲੈਣ ਤੋਂ ਨਾਂਹ, ਅਖੇ ਅਸੀਂ ਰੂਸ ਵਿੱਚ ਦਹਿਸ਼ਤਗਰਦ ਨਹੀਂ ਚਾਹੁੰਦੇ



ਮਾਸਕੋ, 23 ਅਗਸਤ (ਪੋਸਟ ਬਿਊਰੋ)- ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਅਫਗਾਨਿਸਤਾਨ ਵਿੱਚੋਂ ਕੱਢ ਕੇ ਲਿਆਂਦੇ ਲੋਕਾਂ ਨੂੰ ਰੂਸ ਨੇ ਨੇੜਲੇ ਮੁਲਕਾਂ ਵਿਚ ਭੇਜਣ ਦੇ ਵਿਚਾਰ ਨੂੰ ਰੱਦ ਕਰ ਦਿੱਤਾ ਹੈ।

ਇਸ ਸੰਬੰਧ ਵਿੱਚ ਰੂਸੀ ਰਾਸ਼ਟਰਪਤੀ ਨੇ ਕਿਹਾ ਕਿ ਉਹ ਇਹ ਨਹੀਂ ਚਾਹੁੰਦੇ ਕਿ ਸ਼ਰਨਾਰਥੀਆਂ ਦੀ ਆੜ ਹੇਠ ਦਹਿਸ਼ਤਗਰਦ ਇੱਥੇ ਡੇਰੇ ਲਾਉਣ। ਪੁਤਿਨ ਨੇ ਕੁਝ ਪੱਛਮੀ ਮੁਲਕਾਂ ਦੇ ਇਸ ਵਿਚਾਰ ਦੀ ਵੀ ਨੁਕਤਾਚੀਨੀ ਕੀਤੀ ਹੈ ਕਿ ਅਫਗਾਨਿਸਤਾਨ ਵਿੱਚੋਂ ਆਉਣ ਵਾਲੇ ਸ਼ਰਨਾਰਥੀਆਂ ਦੇ ਵੀਜ਼ਿਆਂ ਉੱਤੇ ਅਮਰੀਕਾ ਅਤੇ ਯੂਰਪ ਵੱਲੋਂ ਅਮਲੀ ਕਾਰਵਾਈ ਕੀਤੇ ਜਾਣ ਤਕ ਉਨ੍ਹਾਂ ਨੂੰ ਗੁਆਂਢੀ ਕੇਂਦਰੀ ਏਸ਼ੀਆਈ ਮੁਲਕਾਂ ਵਿੱਚ ਟਿਕਾਇਆ ਜਾਵੇ।ਤਾਸ ਖਬਰ ਏਜੰਸੀ ਨੇ ਪੁਤਿਨ ਦੇ ਹਵਾਲੇ ਨਾਲ ਕਿਹਾ, “ਕੀ ਇਸ ਦਾ ਅਰਥ ਇਹ ਹੋਇਆ ਕਿ ਉਨ੍ਹਾਂ (ਸ਼ਰਨਾਰਥੀਆਂ) ਨੂੰ ਵੀਜ਼ੀ ਬਿਨਾਂ ਇਨ੍ਹਾਂ ਮੁਲਕਾਂ ਵਿੱਚ ਭੇਜਿਆ ਜਾ ਸਕਦਾ ਹੈ, ਜਦੋਂ ਕਿ ਉਹ ਖੁਦ (ਪੱਛਮੀ ਮੁਲਕ) ਉਨ੍ਹਾਂ ਨੂੰ ਬਿਨਾਂ ਵੀਜ਼ੇ ਦੇ ਦਾਖਲਾ ਦੇਣ ਲਈ ਤਿਆਰ ਨਹੀਂ ਹਨ।" ਪੂਤਿਨ ਨੇ ਕਿਹਾ, “ਸਮੱਸਿਆ ਦੇ ਹੱਲ ਲਈ ਇਹ ਕਿਹੋ ਜਿਹੀ ਦਬਾਅ ਪਾਉਣ ਵਾਲੀ ਪਹੁੰਚ ਹੈ।"

ਰਾਈਟਰਜ਼ ਨੇ ਪਿਛਲੇ ਹਫਤੇ ਦਾਅਵਾ ਕੀਤਾ ਸੀ ਕਿ ਅਮਰੀਕਾ ਨੇ ਕੁਝ ਮੁਲਕਾਂ ਨਾਲ ਲੁਕਵੇਂ ਰੂਪ ਵਿੱਚ ਗੱਲਬਾਤ ਕੀਤੀ ਹੈ ਤਾਂ ਕਿ ਅਮਰੀਕੀ ਸਰਕਾਰ ਲਈ ਕੰਮ ਕਰਦੇ ਤੇ ਇਸ ਵੇਲੇ ਵੱਧ ਜੋਖਮ ਵਾਲੇ ਅਫਗਾਨਾਂ ਦੀ ਅਸਥਾਈ ਠਹਿਰ ਲਈ ਪ੍ਰਬੰਧ ਕੀਤਾ ਜਾ ਸਕੇ। ਚੇਤੇ ਰਹੇ ਕਿ ਜਿੱਥੇ ਪੱਛਮੀ ਮੁਲਕਾਂ ਵੱਲੋਂ ਲੋਕਾਂ ਨੂੰ ਅਫਗਾਨਿਸਤਾਨ ਵਿੱਚੋਂ ਕੱਢਣ ਲਈ ਦੌੜ ਭੱਜ ਕੀਤੀ ਜਾ ਰਹੀ ਹੈ, ਉਥੇ ਮਾਸਕੋ ਤਾਲਿਬਾਨ ਵੱਲੋਂ ਅਫਗਾਨਿਸਤਾਨ ਉੱਤੇ ਕਬਜ਼ੇ ਦੀ ਤਾਰੀਫ ਕਰ ਰਿਹਾ ਹੈ। ਰੂਸ ਦੇ ਵਿਦੇਸ਼ ਮੰਤਰੀ ਸਰਗਈ ਲੈਵਰੋਵ ਨੇ ਕਿਹਾ ਕਿ ਤਾਲਿਬਾਨ ਨੇ ਹੁਣ ਤਕ ਆਪਣੇ ਕੌਲ ਕਰਾਰਾਂ ਨੂੰ ਪੂਰਾ ਕੀਤਾ ਹੈ।













# ਆਈ ਬੀ ਏ ਨੇ ਰਿਜ਼ਰਵ ਬੈਂਕ ਤੋਂ ਬੈਡ ਬੈਂਕ ਦਾ ਲਾਇਸੈਂਸ ਮੰਗਿਆ

ਨਵੀਂ ਦਿੱਲੀ, 23 ਅਗਸਤ (ਪੋਸਟ ਬਿਊਰੋ)- ਇੰਡੀਅਨ ਬੈਂਕਸ ਐਸੋਸੀਏਸ਼ਨ (ਆਈ ਬੀ ਏ) ਨੇ 6000 ਕਰੋੜ ਰੁਪਏ ਦੀ ਰਾਸ਼ਟਰੀ ਜਾਇਦਾਦ ਪੁਨਰਗਠਨ ਕੰਪਨੀ ਲਿਮਟਿਡ (ਐਨ ਏ ਆਰ ਸੀ ਐਲ) ਜਾਂ ਬੈਡ ਬੈਂਕ ਦੇ ਲਾਇਸੈਂਸ ਲਈ ਰਿਜ਼ਰਵ ਬੈਂਕ ਦੇ ਕੋਲ ਅਪਲਾਈ ਕੀਤਾ ਹੈ। ਕੰਪਨੀ ਰਜਿਸਟਰਾਰ (ਆਰ ਓ ਸੀ) ਦੇ ਕੋਲ ਰਜਿਸਟ੍ਰੇਸ਼ਨ ਦੇ ਬਾਅਦ ਐਨ ਆਰ ਸੀ ਐਲ ਦਾ ਗਠਨ ਪਿਛਲੇ ਮਹੀਨੇ ਹੋਇਆ ਸੀ।

ਜਾਣਕਾਰ ਸੂਤਰਾਂ ਨੇ ਦੱਸਿਆ ਕਿ 100 ਕਰੋੜ ਰੁਪਏ ਦੀ ਸ਼ੁਰੂਆਤੀ ਪੂੰਜੀ ਇਕੱਠੀ ਕਰਨ ਅਤੇ ਹੋਰ ਕਾਨੂੰਨੀ ਕਾਰਵਾਈਆਂ ਨੂੰ ਪੂਰਾ ਕਰਨ ਦੇ ਬਾਅਦ ਕੰਪਨੀ ਨੇ ਜਾਇਦਾਦ ਪੁਨਰਗਠਨ ਕਾਰੋਬਾਰ ਦਾ ਲਾਇਸੈਂਸ ਲੈਣ ਲਈ ਰਿਜ਼ਰਵ ਬੈਂਕ ਦੇ ਕੋਲ ਅਪਲਾਈ ਕੀਤਾ ਹੈ।ਰਿਜ਼ਰਵ ਬੈਂਕ ਨੇ 2017 ਵਿੱਚ ਪੂੰਜੀ ਦੀ ਜ਼ਰੂਰਤ ਨੂੰ ਪਹਿਲਾਂ ਦੇ ਦੋ ਕਰੋੜ ਰੁਪਏ ਤੋਂ ਵਧਾ ਕੇ 100 ਕਰੋੜ ਰੁਪਏ ਕਰ ਦਿੱਤਾ ਸੀ। ਡੁੱਬੇ ਕਰਜ਼ੇ ਨੂੰ ਖਰੀਦਣ ਲਈ ਜ਼ਿਆਦਾ ਨਕਦੀ ਦੀ ਜ਼ਰੂਰਤ ਨੂੰ ਦੇਖਦੇ ਹੋਏ ਰਿਜ਼ਰਵ ਬੈਂਕ ਨੇ ਇਹ ਕਦਮ ਚੁੱਕਿਆ ਸੀ। ਸੂਤਰਾਂ ਨੇ ਕਿਹਾ ਕਿ ਏਦਾਂ ਦੇ ਕਾਰੋਬਾਰ ਲਈ ਲਾਇਸੈਂਸ ਦੇਣ ਨੂੰ ਰਿਜ਼ਰਵ ਬੈਂਕ ਦੀ ਆਪਣੀ ਪ੍ਰਕਿਰਿਆ ਹੈ। ਰੈਗੂਲੇਟਰੀ ਤੋਂ ਇਸ ਦਾ ਲਾਇਸੈਂਸ ਲੈਣ ਵਿੱਚ ਕੁਝ ਹਫਤੇ ਦਾ ਸਮਾਂ ਲੱਗ ਸਕਦਾ ਹੈ। ਸੂਤਰਾਂ ਨੇ ਕਿਹਾ ਕਿ ਇਸ ਲਈ ਰਿਜ਼ਰਵ ਬੈਂਕ ਦੀ ਮਨਜ਼ੂਰੀ ਸਤੰਬਰ ਜਾਂ ਅਕਤੂਬਰ ਵਿੱਚ ਮਿਲ ਸਕਦੀ ਹੈ।ਵੱਖ-ਵੱਖ ਰੈਗੂਲੇਟਰੀ ਮਨਜ਼ੂਰੀਆਂ ਅਤੇ ਹੋਰ ਕਾਨੂੰਨੀ ਕਾਰਵਾਈਆਂ ਨੂੰ ਪੂਰਾ ਕਰਨ ਲਈ ਕਾਨੂੰਨੀ ਸਲਾਹਕਾਰ ਏ ਜੀ ਡੀ ਬੀ ਅਤੇ ਉਸ ਦੇ ਪਾਰਟਨਰਾਂ ਦੀਆਂ ਸੇਵਾਵਾਂ ਲਈਆਂ ਗਈਆਂ ਹਨ। ਆਈ ਬੀ ਏ ਨੂੰ ਬੈਡ ਬੈਂਕ ਦੀ ਸਥਾਪਨਾ ਦਾ ਜ਼ਿੰਮਾ ਸੌਂਪਿਆ ਗਿਆ ਹੈ। ਉਸ ਨੇ ਐਨ ਏ ਆਰ ਸੀ ਐਲ ਦੇ ਲਈ ਸ਼ੁਰੂਆਤੀ ਬੋਰਡ ਬਣਾਇਆ ਹੈ। ਕੰਪਨੀ ਨੇ ਭਾਰਤੀ ਸਟੇਟ ਬੈਂਕ ਦੇ ਦਬਾਅ ਵਾਲੀਆਂ ਜਾਇਦਾਦਾਂ ਦੇ ਮਾਹਰ ਪੀ ਐਮ ਨਾਇਰ ਨੂੰ ਇਸ ਦਾ ਮੈਨੇਜਿੰਗ ਡਾਇਰੈਕਟਰ ਬਣਾਇਆ ਹੈ ਅਤੇ ਬਾਕੀ ਮੈਂਬਰਾਂ ਵਿੱਚ ਆਈ ਬੀ ਏ ਦੇ ਚੀਫ ਐਗਜ਼ਕਟਿਵ ਸੁਨੀਲ ਮਹਿਤਾ, ਐਸ ਬੀ ਆਈ ਦੇ ਡਿਪਟੀ ਮੈਨੇਜਿੰਗ ਡਾਇਰੈਕਟਰ ਐਸ ਐਸ ਨਾਇਰ ਅਤੇ ਕੇਰਨਾ ਬੈਂਕ ਦੇ ਚੀਫ ਜਨਰਲ ਮੈਨੇਜਰ ਅਜੀਤ ਕ੍ਰਿਸ਼ਨ ਨਾਇਰ ਸ਼ਾਮਲ ਹਨ।

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਇੱਕ ਫਰਵਰੀ ਨੂੰ ਪੇਸ਼ ਹੋਏ ਬਜਟ ਵਿੱਚ ਨੈਸ਼ਨਲ ਐਸੇਟ ਰੀਕੰਸਟ੍ਰਕਸ਼ਨ ਕੰਪਨੀ (ਏ ਆਰ ਸੀ) ਬਣਾਉਣ ਦਾ ਐਲਾਨ ਕੀਤਾ ਸੀ। ਇਹ ਬੈਂਕਾਂ ਤੋਂ ਉਨ੍ਹਾਂ ਦੇ ਡੁੱਬੇ ਕਰਜ਼ੇ (ਐਨ ਪੀ ਏ) ਖਰੀਦੇਗਾ। ਅਜਿਹੇ ਬੈਂਕ ਨੂੰ ਬੈਡ ਬੈਂਕ ਵੀ ਕਿਹਾ ਜਾਂਦਾ ਹੈ। ਵਰਨਣ ਯੋਗ ਹੈ ਕਿ ਐਨ ਪੀ ਏ ਨੂੰ ਕਿਸੇ ਅਰਥਵਿਵਸਥਾ ਲਈ ਬੋਝ ਮੰਨਿਆ ਜਾਂਦਾ ਹੈ। ਇਹ ਦੇਸ਼ ਦੇ ਬੈਂਕਿੰਗ ਸਿਸਟਮ ਨੂੰ ਬਿਮਾਰ ਬਣਾਉਂਦਾ ਹੈ। ਪਿਛਲੇ ਕੁਝ ਸਾਲਾਂ ਵਿੱਚ ਬੈਡ ਲੋਨ ਅਤੇ ਬੈਡ ਐਸੇਟ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ। ਬੈਡ ਲੋਨ ਤੋਂ ਬੈਂਕਾਂ ਦਾ ਮੁਨਾਫਾ ਪ੍ਰਭਾਵਤ ਹੁੰਦਾ ਹੈ ਤੇ ਉਨ੍ਹਾਂ ਲਈ ਕਰਜ਼ਾ ਦੇਣਾ ਮੁਸ਼ਕਲ ਹੋ ਜਾਂਦਾ ਹੈ। ਇਸ ਤੋਂ ਉਨ੍ਹਾਂ ਦੇ ਨਿਵੇਸ਼ ਵਿੱਚ ਕਮੀ ਆਉਣ ਲੱਗਦੀ ਹੈ ਅਤੇ ਅਰਥਵਿਵਸਥਾ ਦੀ ਵਾਧਾ ਦਰ ਉੱਤੇਉਲਟਾ ਅਸਰ ਦੇਖਣ ਨੂੰ ਮਿਲਦਾ ਹੈ। ਸਰਕਾਰੀ ਅੰਕੜਿਆਂ ਮੁਤਾਬਕ ਇਸ ਸਾਲ ਮਾਰਚ ਦੇ ਅੰਤ ਤਕ ਬੈਂਕਾਂ ਦਾ ਕੁੱਲ ਬੈਡ ਲੋਨ 8.34 ਲੱਖ ਕਰੋੜ ਰੁਪਏ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202







## ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

## ਲੜਕੇ ਦੀ ਲੋੜ

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjot-dahiya@gmail.com
Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## Sales Person Required

**Dubai Jewellers:** Sales person required at Dubai Jewellers with Jewellery sale experience for part time/full time job. For more information contact Raj 416-465-1200.




ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ

20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)







WANTED
Panjabi Nannies, Caregivers, Cleaning ladies and Cooks for GTA. Please contact at the earliest at: 416-275-7010

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

## ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
**ਸੰਪਰਕ: 647-205-5909, 416-618-3358**

## ਵਰਕਰਾਂ ਦੀ ਲੋੜ

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।



